## ਜੀਵਨ ਕਉਤਕ

ਸਾਧ ਜਨਾ ਕੀ ਅਚਰਜ ਕਥਾ

# ਸੰਤ ਬਾਬਾ ਮਹਾਂ ਹਰਿਨਾਮ ਸਿੰਘ ਜੀ ਮਹਾਰਾਜ

ਡੇਰਾ ਰੂੰਮੀ ਵਾਲਾ ਭੁੱਚੋ ਕਲਾਂ ਜ਼ਿਲ੍ਹਾ ਬਠਿੰਡਾ

**(ਭਾਗ ਨੌਵਾਂ)**



**ਧੰਨ ਗੁਰੂ ਨਾਨਕ ਸਾਹਿਬ ਜੀ**

"ਗੁਰੂ ਨਾਨਕ ਦਾ ਰੂਪ ਬਣਾਕੇ ਨਾਰਾਇਣ ਜੱਗ ਆਇਆ ਵੇਸ ਵਟਾਇਆ"
"ਮਾਇਆ ਤਿਸ ਦੇ ਨੇੜ ਨ ਆਵੇ ਨਿਰੰਕਾਰ ਦਾ ਸਾਇਆ ਸਚੇ ਭਾਇਆ"

**ਅਸੀਸਾਂ**

**ਬਾਬਾ ਖੇਮ ਸਿੰਘ ਜੀ**

**ਪ੍ਰਕਾਸ਼ਕ**

**ਬਾਬਾ ਸੁਖਦੇਵ ਸਿੰਘ ਜੀ**

*ਮੌਜੂਦਾ ਮਹਾਂਪੁਰਸ਼*

ਡੇਰਾ ਬਾਬਾ ਰੂੰਮੀ ਵਾਲਾ ਭੁੱਚੋ ਕਲਾਂ, ਬਠਿੰਡਾ।

ਫੋਨ : 0164-2741811, 09216513139

ਸਭ ਹੱਕ ਲੇਖਕ ਦੇ ਰਾਖਵੇਂ ਹਨ।

**ਦੂਜੀ ਵਾਰ :** 2010

**ਅਸੀਸਾਂ**

**ਬਾਬਾ ਖੇਮ ਸਿੰਘ ਜੀ**

**ਪ੍ਰਕਾਸ਼ਕ**

**ਬਾਬਾ ਸੁਖਦੇਵ ਸਿੰਘ ਜੀ**

*ਮੌਜੂਦਾ ਮਹਾਂਪੁਰਸ਼*

ਡੇਰਾ ਬਾਬਾ ਰੂਮੀ ਵਾਲਾ ਭੁੱਚੋ ਕਲਾਂ, ਬਠਿੰਡਾ।
ਫੋਨ : 0164-2741811, 09216513139

*ਛਾਪਕ :*

**ਪ੍ਰਿੰਟਵੈੱਲ**

146, ਇੰਡੀਸਟ੍ਰੀਅਲ ਫੋਕਲ ਪੁਆਇੰਟ,
ਅੰਮ੍ਰਿਤਸਰ

# ਤਤਕਰਾ


ਭਾਣੈ ਉਝੜ ਭਾਣੈ ਰਾਹਾ॥ ਭਾਣੈ ਹਰਿ ਗੁਣ ਗੁਰਮੁਖਿ ਗਾਵਾਹਾ॥ 5

ਸੋ ਬੂਝੈ ਜਿਸ ਆਪਿ ਬੁਝਾਏ॥ 6

ਆਏ ਅਨਿਕ ਜਨਮ ਭ੍ਰਮਿ ਸਰਣੀ॥

ਉਧਰੁ ਦੇਹ ਅੰਧ ਕੂਪ ਤੇ ਲਾਵਹੁ ਅਪੁਨੀ ਚਰਣੀ॥ 7

ਕੰਚਨ ਕਾਇਆ ਕਸੀਐ ਵੰਨੀ ਚੜੈ ਚੜਾਉ॥ 9

ਤੇਰਾ ਹੁਕਮੁ ਭਲਾ ਤੁਧੁ ਭਾਵੈ 10

ਡਰਪੈ ਧਰਤਿ ਅਕਾਸੁ ਨਖੵਤ੍ਰਾ ਸਿਰ ਊਪਰਿ ਅਮਰੁ ਕਰਾਰਾ॥ 12

ਬਿਖੁ ਅੰਮ੍ਰਿਤੁ ਕਰਤਾਰਿ ਉਪਾਏ। ਸੰਸਾਰ ਬਿਰਖ ਕਉ ਦੁਇ ਫਲ ਲਾਏ। 14

ਭੇਖਾਰੀ ਤੇ ਰਾਜ ਕਰਾਵੈ ਰਾਜਾ ਤੇ ਭੇਖਾਰੀ 15

ਆਪਿ ਲੀਏ ਲੜਿ ਲਾਇ ਦਰਿ ਦਰਵੇਸ ਸੇ॥ 17

ਪਿਛਲੇ ਗੁਨਹ ਸਤਿਗੁਰੁ ਬਖਸਿ ਲਏ ਸਤਿ ਸੰਗਤਿ ਨਾਲਿ ਰਲਾਵੈ॥ 22

ਹਰਿ ਕੀ ਭਗਤਿ ਮੁਕਤਿ ਬਹੁ ਕਰੇ॥ ਨਾਨਕ ਜਨ ਸੰਗਿ ਕੇਤੇ ਤਰੇ” 23

ਆਪੇ ਆਪਿ ਸਗਲ ਮਹਿ ਆਪਿ॥ ਅਨਿਕ ਜੁਗਤਿ ਰਚਿ ਥਾਪਿ ਉਥਾਪਿ॥ 24

ਅੰਧੁਲੇ ਟਿਕ ਨਿਰਧਨ ਧਨੁ ਪਾਇਓ ਪ੍ਰਭ ਨਾਨਕ ਅਨਿਕ ਗੁਨੀ॥ 26

ਨਾਨਕ ਦੀਨ ਸਰਣਿ ਆਏ ਗਲਿ ਲਾਏ 27

ਏਕੁ ਤੂ ਹੋਰਿ ਵੇਸ ਬਹੁ ਤੇਰੇ॥ ਨਾਨਕੁ ਜਾਣੈ ਚੋਜ ਨ ਤੇਰੇ॥ 30

ਖਿਨ ਮਹਿ ਅਵਰੁ ਖਿਨੈ ਮਹਿ ਅਵਰਾ ਅਚਰਜ ਚਲਤ ਤੁਮਾਰੇ॥ 30

ਖਿਨ ਮਹਿ ਥਾਪਿ ਨਿਵਾਜੇ ਠਾਕੁਰ ਨੀਚ ਕੀਟ ਤੇ ਕਰਹਿ ਰਾਜੰਗਾ। 32

ਏਕੈ ਏਕੈ ਤੂ ਰਾਇਆ॥ ਤਉ ਕਿਰਪਾ ਤੇ ਸੁਖੁ ਪਾਇਆ॥ 34

ਪਉਣੁ ਪਾਣੀ ਬੈਸੰਤਰੁ ਡਰਪੈ ਡਰਪੈ ਇੰਦ੍ਰ ਬਿਚਾਰਾ॥ 37

ਕਾਟੀ ਬੇਰੀ ਪਗਹ ਤੇ ਗੁਰਿ ਕੀਨੀ ਬੰਦਿ ਖਲਾਸੁ” 39

ਸਤਿਗੁਰ ਸਿਖ ਕੀ ਕਰੈ ਪ੍ਰਤਿਪਾਲ॥ 41

ਮਾਰੈ ਰਾਖੈ ਏਕੋ ਆਪਿ॥ ਮਾਨੁਖ ਕੈ ਕਿਛੁ ਨਾਹੀ ਹਾਥਿ॥ 42

ਤਉ ਜੇਵਡੁ ਦਾਤਾਰੁ ਨ ਕੋਈ ਜਾਚਕੁ ਸਦਾ ਜਾਚੋਵੈ 43

ਨਉ ਨਿਧਿ ਤੇਰੈ ਸਗਲ ਨਿਧਾਨ॥ ਇਛਾ ਪੂਰਕੁ ਰਖੈ ਨਿਦਾਨ॥ 46

ਪ੍ਰਭੁ ਨਾਰਾਇਣ ਗਰਬ ਪ੍ਰਹਾਰੀ। 47

ਜੋ ਪ੍ਰਭਿ ਅਪਨੀ ਸੇਵਾ ਲਾਇਆ ॥ ਨਾਨਕ ਸੋ ਸੇਵਕੁ ਦਹਦਿਸ ਪ੍ਰਗਟਾਇਆ ॥ 49
ਗਈ ਬਹੋੜੁ ਬੰਦੀ ਛੋੜੁ ਨਿਰੰਕਾਰੁ ਦੁਖਦਾਰੀ ॥ 50
ਜਿਨਾ ਗੁਰੁ ਪਿਆਰਾ ਮਨਿ ਚਿਤਿ ਤਿਨਾ ਭਾਉ ਗੁਰੂ ਦੇਵਾਈਆ ॥ 50
ਹੁਕਮੁ ਪਛਾਨੈ ਸੁ ਏਕੋ ਜਾਨੈ ਬੰਦਾ ਕਹੀਐ ਸੋਈ 52
ਸੁਖੁ ਨ ਪਾਇਨਿ ਮੁਗਧ ਨਰ ਸੰਤ ਨਾਲਿ ਖਹੰਦੇ ॥ 54
ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ ॥ 56
ਆਪਿ ਭਲਾ ਕਰਤੂਤਿ ਅਤਿ ਨੀਕੀ। ਆਪੇ ਜਾਨੈ ਅਪਨੇ ਜੀ ਕੀ 57
ਤੇਰੀ ਕੁਦਰਤਿ ਤੂ ਹੈ ਜਾਣਹਿ ਅਉਰੁ ਨ ਦੂਜਾ ਜਾਣੈ ॥ 59
ਘਰਿ ਬਾਹਰਿ ਤੇਰਾ ਭਰਵਾਸਾ ਤੂ ਜਨ ਕੈ ਹੈ ਸੰਗਿ 60
ਭਏ ਦਇਆਲ ਕ੍ਰਿਪਾਲ ਸੰਤ ਜਨ ਤਬ ਇਹ ਬਾਤ ਬਤਾਈ ॥ 62
ਮੀਹੁ ਪਇਆ ਪਰਮੇਸਰਿ ਪਾਇਆ ॥ ਜੀਅ ਜੰਤ ਸਭਿ ਸੁਖੀ ਵਸਾਇਆ ॥ 65
ਸਭੇ ਇਛਾ ਪੂਰੀਆ ਲਗਿ ਪ੍ਰਭ ਕੈ ਪਾਵੈ ॥ 66
ਰਾਮ ਰਾਇ ਹੋਹਿ ਬੈਦ ਬਨਵਾਰੀ ॥ ਅਪਨੇ ਸੰਤਹ ਲੇਹੁ ਉਬਾਰੀ ॥ 69
ਕਾਟੇ ਕਸਟ ਪੂਰੇ ਗੁਰਦੇਵ 70
ਜਨਮ ਭਵੰਤੇ ਨਰਕਿ ਪੜੰਤੇ ਤਿਨ ਕੇ ਕੁਲ ਉਧਾਰੇ ॥ 71
ਅਪਨੀ ਸੇਵਾ ਆਪਿ ਕਰਾਈ ਗੁਰ ਮਤਿ ਅੰਤਰਿ ਜਾਗੀ ॥ 72
ਜਾ ਕੈ ਮੁਸਤਕਿ ਭਾਗ ਸਿ ਸੇਵਾ ਲਾਇਆ ॥ 73
ਜੈਸੀ ਭੂਖ ਤੈਸੀ ਕਾ ਪੂਰਕ ਸਗਲ ਘਟਾ ਕਾ ਸੁਆਮੀ ॥ 75
ਦਰਸਨੁ ਦੇਖਤ ਦੋਖ ਨਸੇ ॥ 76
ਕਹਤ ਨਾਨਕੁ ਤੂ ਸਾਚਾ ਸਾਹਿਬੁ ਕਉਣੁ ਜਾਣੈ ਤੇਰੇ ਕਾਮਾ ॥ 77
ਆਪਿ ਭੁਲਾਇ ਆਪੇ ਮਤਿ ਦੇਵੈ 78
ਦਾਤਿ ਕਰੈ ਨਹੀਂ ਪਛੋਤਾਵੈ ॥ ਏਕਾ ਬਖਸ ਫਿਰਿ ਬਹੁਰਿ ਨ ਬੁਲਾਵੈ ॥ 79
ਸੰਤ ਬਾਬਾ ਸੁਖਦੇਵ ਸਿੰਘ ਜੀ 81
ਮੰਦਰ ਮੁਹਾਰ ਨਾਨਕਸਰ ਤੋਂ ਭੁੱਚੋ ਸਾਹਿਬ ਤੱਕ 81

—

## ਭਾਣੈ ਉਝੜ ਭਾਣੈ ਰਾਹਾ ॥
## ਭਾਣੈ ਹਰਿ ਗੁਣ ਗੁਰਮੁਖਿ ਗਾਵਾਹਾ ॥

(ਅੰਗ ੯੮)

ਖਾਲੀ ਨੂੰ ਭਰ ਦੇਣਾ ਅਤੇ ਭਰੇ ਨੂੰ ਖਾਲੀ ਕਰ ਦੇਣਾ, ਵਸਦੀ ਨੇ ਉਜੜ ਜਾਣਾ, ਉਜਾੜਾਂ ਵਿੱਚ ਸ਼ਹਿਰ ਨਗਰ ਵਸ ਜਾਣੇ, ਅਨਹੋਣੀ ਨੂੰ ਹੋਣੀ ਕਰ ਦੇਣਾ, ਸਭ ਉਸਦੀ ਰਜ਼ਾ ਵਿੱਚ ਹੈ। ਮਹਾਂਪੁਰਖ ਸਭ ਕੁਝ ਜਾਣਕੇ ਉਸ ਵਾਹਿਗੁਰੂ ਦਾ ਰੰਗ ਸਮਝ ਕੇ ਅਨੰਦ ਵਿੱਚ ਰਹਿੰਦੇ ਹਨ।

ਮਹਾਂਰਾਣੀ ਦਲੀਪ ਕੌਰ ਨੇ ਬਾਬਾ ਜੀ ਤੋਂ ਹੁਕਮ ਲੈ ਕੇ ਕੋਠੀ ਤਿਆਰ ਕਰਾਈ। ਰਜ਼ਾ ਦੇ ਮਾਲਕ ਬਾਬਾ ਮਹਾਂ ਹਰਿਨਾਮ ਸਿੰਘ ਜੀ ਮਹਾਰਾਜ ਨੇ ਉਸ ਕੋਠੀ ਵਿੱਚ ਆਪਣੇ ਪਵਿੱਤਰ ਚਰਨ ਨਹੀਂ ਪਾਏ। ਸਾਰੀ ਮੁਕੰਮਲ ਹੋਣ ਉਪਰੰਤ ਜਿਸ ਸਮੇਂ ਸੰਗਤ ਨੇ ਬੇਨਤੀ ਕੀਤੀ ਕਿ ਮਹਾਰਾਜ ਚਰਨ ਪਾਓ, ਹਜ਼ੂਰ ਨੇ ਬਚਨ ਕੀਤਾ "ਅਸੀਂ ਚਰਨ ਨਹੀਂ ਪਾਉਣੇ। ਹਾਕੂ ਚਰਨ ਪਾ ਗਿਆ ਹੈ। ਇਹ ਬਚਨ ਅੱਜ ਤੱਕ ਕਿਸੇ ਦੇ ਸਮਝ ਵਿੱਚ ਨਹੀਂ ਆ ਸਕਿਆ ਕਿ ਅਸਲੀਅਤ ਕੀ ਹੈ। ਫਿਰ ਸਹਿਜ ਸੁਭਾਅ ਬਚਨ ਕਰਨੇ ਕਿ ਇਸ ਕੋਠੀ ਵਿੱਚ ਕਬੂਤਰ ਬੋਲਣਗੇ। ਇਹ ਬਚਨ ਵੀ ਸੱਤ ਹੋ ਚੁੱਕੇ ਹਨ। ਬਾਬਾ ਨਰੈਣ ਸਿੰਘ ਜੀ ਮਹਿਣਿਆ ਵਾਲਿਆਂ ਦੇ ਸਮੇਂ ਵਿੱਚ ਉਪਰੰਤ ਸੰਤ ਈਸ਼ਰ ਸਿੰਘ ਜੀ ਰੋੜੀ ਢੰਡਾਲ ਵਾਲਿਆਂ ਦੇ ਸਮੇਂ ਵਿਚ, ਜਦੋਂ ਵੀ ਕਿਸੇ ਨੇ ਬੇਨਤੀ ਕਰਨੀ ਮਹਾਰਾਜ, ਜੇ ਇਥੇ ਕਬੂਤਰ ਬੋਲੇ ਤਾਂ ਫਿਰ ਕੀ ਬਣੇਗਾ।" ਫਿਰ ਬਚਨ ਕਰਨਾ ਕਬੂਤਰ ਬੋਲਣਗੇ, ਫਿਰ ਕਿਸੇ ਸਮੇਂ ਅਖੰਡ ਪਾਠ ਵੀ ਹੋਣਗੇ।" ਅੱਜ ਓਹ ਬਚਨ ਪ੍ਰਤੱਖ ਵਰਤ ਰਹੇ ਹਨ ਅਤੇ ਕੱਚੇ ਗੁਰੂ ਬਾਬਤ ਬਾਣੀ ਵਿੱਚ ਫੁਰਮਾਨ ਹੈ।

**ਕਬੀਰ ਮਾਇ ਮੂੰਡਉ ਤਿਹ ਗੁਰੂ ਕੀ ਜਾ ਤੇ ਭਰਮੁ ਨ ਜਾਇ ॥**
**ਆਪ ਡੁਬੇ ਚਹੁ ਬੇਦ ਮਹਿ ਚੇਲੇ ਦੀਏ ਬਹਾਇ ॥**

(ਅੰਗ ੧੩੭੦)

# ਸੋ ਬੂਝੈ ਜਿਸ ਆਪਿ ਬੁਝਾਏ ॥

(ਅੰਗ ੩੬੮)

ਹੁਣ ਬਾਬਾ ਜੀ ਦੇ ਪ੍ਰਸੰਗ ਵੱਲ ਧਿਆਨ ਕਰੀਏ

ਬੰਦਾ ਕਦੇ ਕਿਸੇ ਰੱਬੀ ਪ੍ਰੇਰਨਾ ਵਿੱਚ ਆ ਕੇ ਪੁੰਨ ਕਰ ਦਿੰਦਾ ਹੈ। ਉਸ ਉੱਤੇ ਖਰਚ ਵੀ ਕਰ ਦਿੰਦਾ ਹੈ। ਉਪਰੰਤ ਕਈ ਵਾਰ ਖਰਚ ਲੋੜ ਤੋਂ ਵੱਧ ਹੋਣ ਕਰਕੇ ਮਨ ਵਿੱਚ ਖ਼ਿਆਲ ਹੁੰਦਾ ਹੈ, ਮੈਂ ਇਤਨਾ ਖਰਚ ਨਹੀਂ ਸੀ ਕਰਨਾ। ਜੇ ਮੈਂ ਇਤਨਾ ਖਰਚ ਨਾ ਕਰਦਾ ਤਾਂ ਅੱਜ ਮੇਰਾ ਹੱਥ ਤੰਗ ਨਾ ਹੁੰਦਾ। ਦੁਨੀਆਂਦਾਰੀ ਵਿੱਚ ਬੰਦਾ ਕਿਤਨਾ ਵੀ ਖਰਚ ਕਰ ਦੇਵੇ ਖ਼ਿਆਲ ਨਹੀਂ ਆਉਂਦਾ। ਪ੍ਰੰਤੂ ਇਹ ਖ਼ਿਆਲ ਪ੍ਰਮੇਸ਼ਰ ਨਮਿਤ ਖਰਚ ਕਰਕੇ ਜ਼ਰੂਰ ਆਉਂਦਾ ਹੈ। ਜੇ ਕਾਮਿਲ ਮਹਾਂਪੁਰਖ ਦੇ ਹੁਕਮ ਨਾਲ ਕਰੇ ਤਾਂ ਉਹ ਇਹ ਸੰਸਾ ਮਿਟਾ ਵੀ ਦਿੰਦੇ ਹਨ। ਇਸ ਮੰਦਰ ਉੱਤੇ, ਜੋ ਡੇਰਾ ਬਾਬਾ ਰੂੰਮੀ ਵਿਖੇ ਬਣਿਆ ਹੈ ਜਿਸਨੂੰ ਕੋਠੀ ਕਹਿੰਦੇ ਹਨ, ਉਸ ਸਮੇਂ ਸੋਲਾਂ ਹਜ਼ਾਰ ਤੋਂ ਕੁਝ ਵੱਧ ਖਰਚ ਆਏ ਸਨ। ਸੰਨ 1918-19 ਦੇ ਕਰੀਬ ਇਹ ਮੁਕੰਮਲ ਹੋਈ। ਇਸ ਸਮੇਂ ਤੇ ਉਸ ਸਮੇਂ ਦੇ ਖਰਚ ਦਾ ਅੰਦਾਜ਼ਾ ਲੱਗਾ ਲਵੋ ਕਿਤਨਾ ਫਰਕ ਹੈ। ਬਾਬਾ ਮਹਾਂ ਹਰਿਨਾਮ ਸਿੰਘ ਜੀ ਦੇ ਸਮੇਂ ਹਜ਼ੂਰ ਇਸ ਢੰਗ ਨਾਲ ਸੰਸਾਰ ਵਿੱਚ ਰਹੇ ਕਿ ਸੇਵਕਾਂ ਦੇ ਮਨ ਵਿੱਚ ਸੰਸਾ ਆਉਣ ਹੀ ਨਹੀਂ ਦਿੱਤਾ। ਸਭ ਨੂੰ ਹੁਕਮ ਸੀ ਜੇ ਕੋਈ ਸੰਸਾ ਭਰਮ ਪਵੇ ਜਾਂ ਪ੍ਰਤੱਖ ਦੱਸੇ ਪੁੱਛ ਲਿਆ ਕਰੋ। ਜੇ ਕੋਈ ਸੰਸਾ ਭਰਮ ਹੋਇਆ, ਤਤਕਾਲ ਹੀ ਉਸਦੀ ਨਵ੍ਰਿਤੀ ਕਰ ਦਿੱਤੀ। ਇੱਕ ਸਮੇਂ ਰਾਣੀ ਦਲੀਪ ਕੌਰ ਦੇ ਮਨ ਵਿੱਚ ਕੋਈ ਸੰਸਾ ਆਇਆ। ਉਸਨੇ ਸੁਪਨੇ ਵਿੱਚ ਦ੍ਰਿਸ਼ਟਾਂਤ ਵੇਖਿਆ। ਉਪਰੰਤ ਰਾਣੀ ਦਰਸ਼ਨ ਕਰਨ ਆਈ। ਉਸਨੇ ਬਾਬਾ ਜੀ ਪਾਸ ਬੇਨਤੀ ਕੀਤੀ ਸੱਚੇ ਪਾਤਸ਼ਾਹ ਮੈਂ ਇਹ ਕੁਝ ਵੇਖਿਆ ਹੈ।" ਸੁਨਣ ਤੋਂ ਬਾਅਦ

ਬਾਬਾ ਜੀ ਨੇ ਬਚਨ ਕੀਤਾ "ਬੀਬੀ ਜੋ ਕੁਝ ਤੂੰ ਵੇਖਿਆ ਹੈ, ਓਹ ਸਭ ਕੁਝ ਠੀਕ ਹੈ। ਤੇਰੀ ਸੇਵਾ ਦਾ ਫਲ ਜੋ ਹੈ ਓਹ ਕੁਝ ਇਸ ਤਰ੍ਹਾਂ ਹੀ ਹੈ"।

**ਸੁਖ ਮਹਲ ਜਾ ਕੇ ਊਚ ਦੁਆਰੇ ॥**
**ਤਾ ਮਹਿ ਵਾਸਹਿ ਭਗਤ ਪਿਆਰੇ ॥**

(ਅੰਗ ੭੩੯)

ਬੀਬੀ ਦੁਨੀਆਂ ਵਿੱਚ ਲੋਕ ਕਹਿੰਦੇ ਹਨ ਦਸ ਇਥੇ ਅਤੇ ਸੱਤਰ ਅੱਗੇ। ਗੁਰੂ ਨਾਨਕ ਦੇ ਘਰ ਵਿੱਚ ਤਾਂ।

**ਭਵਾਨੀ ਭਗਤਿ ਭਾਇ ਕੌਡੀ ਅਗਰ ਭਾਗ ਰਾਖੈ**
**ਤਾਹਿ ਗੁਰੁ ਸਰਬ ਨਿਧਾਨ ਦਾਨੁ ਦੇਤ ਹੈ ॥**

ਤੂੰ ਜੋ ਕੁਝ ਸੇਵਾ ਕੀਤੀ ਹੈ ਨਿਸ਼ਕਾਮ ਹੋ ਕੇ ਕੀਤੀ ਹੈ। ਤੇਰੀ ਸੇਵਾ ਦਾ ਫਲ ਤੈਨੂੰ ਗੁਰੂ ਨਾਨਕ ਨੇ ਵਿਖਾ ਦਿੱਤਾ ਹੈ। ਤੂੰ ਅੱਗੇ ਦਾ ਫਿਕਰ ਨਾ ਕਰ। ਬਾਬਾ ਜੀ ਨੂੰ ਪ੍ਰਸੰਨ ਵੇਖਕੇ ਮਹਾਰਾਣੀ ਨੇ ਮਹਾਰਾਜੇ ਨੂੰ ਦਰਸ਼ਨ ਦੇਣ ਦੀ ਥੋੜੀ ਜਹੀ ਬੇਨਤੀ ਕੀਤੀ। ਬਾਬਾ ਜੀ ਨੇ ਉਥੇ ਹੀ ਰੋਕ ਦਿੱਤਾ ਕਿ ਉਸਦੀ ਅਜੇ ਕੋਈ ਲੋੜ ਨਹੀਂ।

## ਆਏ ਅਨਿਕ ਜਨਮ ਭ੍ਰਮਿ ਸਰਣੀ ॥
## ਉਧਰੁ ਦੇਹ ਅੰਧ ਕੂਪ ਤੇ
## ਲਾਵਹੁ ਅਪੁਨੀ ਚਰਣੀ ॥

(ਅੰਗ ੭੦੨)

ਤੁਲਸੀ ਦਾਸ ਜੀ ਨੇ ਭਗਵਾਨ ਕ੍ਰਿਸ਼ਨ ਜੀ ਦੇ ਮੁਖ ਤੋਂ ਉਚਾਰਿਆ ਹੋਇਆ ਕਥਨ ਇਉਂ ਦੱਸਿਆ ਹੈ:

**ਜਾਂ ਪਰ ਅਤੀ ਕ੍ਰਿਪਾ ਮੈਂ ਕਰ ਹੂੰ ॥**
**ਤਾਂ ਕਾ ਸੁਖ ਸੰਪਤ ਸਭ ਹਰ ਹੂੰ ॥**

ਸੰਸਾਰ ਵਿੱਚ ਬੰਦੇ ਉੱਪਰ ਬੜੇ ਦੁੱਖ ਆਉਂਦੇ ਹਨ। ਦੁੱਖਾਂ ਵਿੱਚ ਬੰਦਾ ਦੁੱਖੀ ਹੋ ਕੇ ਹਰ ਗਲਤ ਕੰਮ ਕਰਦਾ ਹੈ। ਜਿਸਦਾ ਨਤੀਜਾ ਦੁੱਖ ਹੀ ਦੁੱਖ ਹੁੰਦਾ ਹੈ। ਪ੍ਰੰਤੂ ਕੋਈ ਪੂਰਬਲਾ ਪੁੰਨ ਜਾਗ ਪਵੇ ਤਾਂ ਦੁੱਖ ਵੇਲੇ ਬਾਣੀ ਵਿੱਚ ਮਨ ਲੱਗਦਾ ਹੈ। ਜਾਂ ਮਿਲਦੀ ਹੈ, ਨਾਮ ਰਸੀਏ ਮਹਾਂਪੁਰਖ ਦੀ ਸੰਗਤ। ਇਸ ਤਰ੍ਹਾਂ "ਦੁਖ ਦਾਰੂ ਸੁਖ ਰੋਗ ਭਇਆ"। ਤੇ ਫਿਰ ਕ੍ਰਿਪਾ ਹੀ ਕ੍ਰਿਪਾ ਹੈ। ਬਖਸ਼ਿਸ਼ਾਂ ਦੇ ਭੰਡਾਰ ਖੁੱਲ੍ਹ ਜਾਂਦੇ ਹਨ। ਇਕ ਸਮੇਂ ਭਾਈ ਰਤਨ ਸਿੰਘ "ਡਰੋਲੀ" ਅਤੇ ਉਨ੍ਹਾਂ ਦੀ ਸਪੁੱਤਨੀ "ਮਾਈ ਜੈ ਕੌਰ" ਦੋਵੇਂ ਪਤੀ ਪਤਨੀ ਸ੍ਰੀ ਹਜ਼ੂਰ ਬਾਬਾ ਮਹਾਂ ਹਰਿਨਾਮ ਸਿੰਘ ਜੀ ਦੀ ਚਰਨ ਸ਼ਰਨ ਆਏ। ਆਪਣੀ ਮਰਿਯਾਦਾ ਅਨੁਸਾਰ ਨਾਮ, ਗੋਤ, ਨਾਨਕੇ, ਦਾਦਕੇ, ਪੁੱਛਕੇ ਹੁਕਮ ਹੋਇਆ "ਕਿ ਇੱਕ ਇੱਕ ਬੋਰੀ ਦੇ ਦਿਉ ਤੇ ਉਸ ਵਣ ਦੇ ਹੇਠ ਆਸਣ ਕਰਾ ਦਿਉ"। ਉਪਰੰਤ ਕੇਸਰ ਸਿੰਘ ਨੇ ਬਚਨ ਕੀਤਾ ਕਿ ਮਹਾਰਾਜ ਇਹ ਸਿੱਖ ਤਾਂ ਉਹ ਹੈ ਜਿਹੜਾ ਕਈ ਸਾਲ ਹੋਏ ਆਇਆ ਸੀ ਤੇ ਫਿਰ ਚੋਰੀ ਭੱਜ ਗਿਆ ਸੀ। ਉੱਤਰ ਵਿੱਚ ਬਾਬਾ ਜੀ ਨੇ ਬਚਨ ਕੀਤਾ "ਕੇਸਰਾ, ਓਦੋਂ ਇਹ ਇਕੱਲਾ ਹੀ ਸੀ। ਹੁਣ ਇਹ ਘਰ ਜਾ ਕੇ ਤੇ ਵਿਆਹ ਕਰਾਕੇ ਇੱਕ ਤੋਂ ਦੋ ਹੋ ਕੇ ਆਏ ਹਨ। ਇਸ ਦੇ ਘਰ ਵਾਲੀ ਨੇ ਨਾਲ ਹੋ ਕੇ ਸੇਵਾ ਕਰਨੀ ਸੀ, ਤਾਂ ਇਹ ਭੱਜ ਗਿਆ ਸੀ। ਹੁਣ ਸ਼ੁੱਧ ਹੈ"। ਤੇ ਫਿਰ ਭਾਈ ਰਤਨ ਸਿੰਘ ਤੇ ਇਸ ਦੇ ਘਰ ਵਾਲੀ ਦੇ ਪ੍ਰਸ਼ਾਦ ਵੱਲ ਵੇਖ ਕੇ ਬਚਨ ਕੀਤਾ। "ਤੇਰਾ ਪ੍ਰਸ਼ਾਦ ਸ਼ੰਕਰਾ ਪੁਰੀ ਨੇ ਕਿਉਂ ਮੋੜਿਆ। ਤੈਨੂੰ ਪਤਾ ਹੈ ਤੂੰ ਸਾਡਾ ਬੰਦਾ ਹੈਂ ? ਸਾਡਾ ਤੇਰਾ ਪੁਰਾਣਾ ਸੰਬੰਧ, ਓਹ ਤੇਰਾ ਪ੍ਰਸ਼ਾਦ ਕਿਵੇਂ ਲੈ ਸਕਦਾ ਸੀ ਉਸਨੇ ਓਸ ਵੇਲੇ ਹੀ ਸਾਡਾ ਨਾਮ ਲੈ ਕੇ ਤੈਨੂੰ ਭੁੱਲੀ ਹੋਈ ਗੱਲ ਯਾਦ ਕਰਾਈ ਤਾਂ ਤੂੰ ਇਥੇ ਆਇਆ"। ਉਪਰੰਤ ਲੰਗਰ ਵਿੱਚੋਂ ਪ੍ਰਸ਼ਾਦਾ ਛੱਕਣ ਦਾ ਹੁਕਮ ਹੋਇਆ ਜਿਥੇ ਕਿਥੇ ਕਿਸੇ ਨੂੰ ਅਰਾਮ ਕਰਨ ਦਾ ਹੁਕਮ ਹੋਇਆ, ਸਭ ਨੇ ਅਰਾਮ ਕੀਤਾ। ਉਪਰੰਤ ਦੋ ਸਾਲ ਇਥੇ ਚਰਨਾਂ ਵਿੱਚ ਰੱਖਿਆ ਪਰ ਸੇਵਾ ਨਹੀਂ ਦਿੱਤੀ। ਚਾਰ ਪੰਜ ਮਹੀਨੇ ਬਾਅਦ ਘਰ ਜਾਣ ਦੀ ਆਗਿਆ ਦੇਣੀ, ਬਚਨ ਕਰਨਾ, ਘਰ ਗੇੜਾ ਮਾਰ ਕੇ ਆਉ, ਸਾਰਾ

ਕਿਰਾਇਆ ਭਾੜਾ ਕੋਲੋਂ ਦੇਣਾ। ਮਾਤਾ ਪਿਤਾ ਦੇ ਘਰ ਜਾਣਾ ਇੱਕ ਜਾਂ ਦੋ ਦਿਨ ਰਹਿ ਕੇ ਫਿਰ ਚਰਨਾਂ ਵਿੱਚ ਹਾਜ਼ਰ ਹੋ ਜਾਣਾ।

## ਕੰਚਨ ਕਾਇਆ ਕਸੀਐ ਵੰਨੀ ਚੜੈ ਚੜਾਉ ॥

(ਅੰਗ ੧੪੬)

ਸੋਨੇ ਤੇ ਚਾਂਦੀ ਨੂੰ ਬਾਰ-ਬਾਰ ਢਾਲ ਕੇ ਸ਼ੁੱਧ ਕਰੀਦਾ ਹੈ। ਜਿਸ ਸਮੇਂ ਸ਼ੁੱਧ ਹੋ ਜਾਂਦਾ ਹੈ। ਫਿਰ ਦੁਬਾਰਾ ਇਸ ਨੂੰ ਉਸ ਸਮੇਂ ਹੀ ਹੱਥ ਲਾਉਣਾ ਜਦੋਂ, ਇਸਦਾ ਗਹਿਣਾ ਆਦਿਕ ਬਣਾਉਣਾ ਨਹੀਂ ਤਾਂ ਖਜ਼ਾਨੇ ਵਿੱਚ ਸ਼ੁੱਧ ਰੂਪ ਹੋ ਕੇ ਟਿਕਿਆ ਰਹਿੰਦਾ ਹੈ :-

**"ਜੇ ਹੋਵੈ ਨਦਰਿ ਸਰਾਫ ਕੀ ਬਹੁੜਿ ਨਾ ਪਾਈ ਤਾਉ"**

(ਅੰਗ ੧੪੬)

ਗੁਰਵਾਕ ਹੈ। ਬਾਬਾ ਮਹਾਂ ਹਰਿਨਾਮ ਸਿੰਘ ਜੀ ਦੀ ਸੇਵਾ ਵਿੱਚ ਜੋ ਵੀ ਪ੍ਰੇਮੀ ਆਇਆ ਜੋ ਹੁਕਮ ਹੋਵੇ ਮੰਨਣਾ ਉਸ ਉੱਤੇ ਕਿੰਤੂ ਪ੍ਰੰਤੂ ਕੁਝ ਨਹੀਂ ਕਰਨਾ।

**"ਸਲਾਮੁ ਜਬਾਬੁ ਦੋਵੈ ਕਰੇ ਮੁੰਢਹ ਘੁਥਾ ਜਾਇ"**

(ਅੰਗ ੪੭੪)

ਇਹ ਸਭ ਸੇਵਾਦਾਰਾਂ ਲਈ ਜ਼ਰੂਰੀ ਹੁੰਦਾ ਸੀ। ਪੰਡਿਤ ਸ੍ਰੀ ਰਾਮ ਸਿੰਘ ਜੀ ਹਜ਼ੂਰੀ ਸੇਵਾ ਵਿੱਚ ਤੱਤਪਰ ਸਨ। ਇੱਕ ਵਾਰ ਇਨ੍ਹਾਂ ਨੂੰ ਹੁਕਮ ਹੋਇਆ ਭੁੱਚੋ ਪਿੰਡ ਵਿੱਚ ਲੰਗਰ ਵਿੱਚ ਸੇਵਾ ਕਰਕੇ ਆਇਆ ਕਰੋ। ਸੇਵਾ ਇਥੇ ਡੇਰੇ ਵਿੱਚ ਵੀ ਸਾਰੀ ਕਰਨੀ। ਇਥੋਂ ਸੇਵਾ ਕਰਕੇ ਆਗਿਆ ਲੈ ਕੇ ਸੇਵਾ ਲੰਗਰ ਵਿੱਚ ਜਾ ਕੇ ਕਰਨੀ। ਉਪਰੰਤ ਬਾਬਾ ਜੀ ਦੀ ਸੇਵਾ ਵਿੱਚ ਹਾਜ਼ਰ ਹੋਣਾ। ਭੁੱਚੋਂ ਕਲਾਂ ਜਿਸ ਨੂੰ ਪੱਕੀ ਭੁੱਚੋ ਵੀ ਆਖਦੇ ਹਨ, ਇਥੇ ਬੀਬੀ ਕਰਮ ਕੌਰ ਜੀ ਦੇ ਚੁੱਲ੍ਹੇ ਹਨ। ਪੰਡਿਤ ਸ੍ਰੀ ਰਾਮ ਸਿੰਘ ਜੀ ਨੇ ਕੁਝ ਸਮਾਂ ਸੇਵਾ ਕੀਤੀ। ਦੋ ਥਾਵਾਂ ਉੱਤੇ ਪੂਰੀ ਸੇਵਾ ਕਰਨੀ ਹੈ ਤਾਂ ਮੁਸ਼ਕਿਲ ਕੰਮ ਪਰੰਤੂ ਮਰ ਜੀਵੜੇ ਗੁਰਮੁਖ ਇਸ ਤਰ੍ਹਾਂ ਦੀ ਗਾਖੜੀ ਸੇਵਾ ਕਰ ਜਾਂਦੇ

ਹਨ। ਮਹਾਂਪੁਰਖਾਂ ਨੇ ਸੇਵਕ ਦਾ ਮਨ ਵੇਖਣਾ ਹੁੰਦਾ ਹੈ। ਜੇ ਮਨ ਸਤਿ ਬਚਨ ਕਰਦਾ ਹੈ, ਤਾਂ ਸੇਵਾ ਸਫਲ ਹੈ। ਸੋ ਇਸ ਪ੍ਰੀਖਿਆ ਵਿੱਚ ਪੰਡਿਤ ਸ੍ਰੀ ਰਾਮ ਸਿੰਘ ਜੀ ਸਫਲ ਹੋਏ। ਇੱਕ ਵਾਰ ਸ੍ਰੀ ਹਜ਼ੂਰ ਬਾਬਾ ਮਹਾਂ ਹਰਿਨਾਮ ਸਿੰਘ ਜੀ ਨੇ ਬਚਨ ਕੀਤਾ,(ਸੰਤ ਕੇਸਰ ਸਿੰਘ ਜੀ ਜੋ ਬੜੇ ਲੰਮੇ ਅਰਸੇ ਤੋਂ ਬਾਬਾ ਜੀ ਪਾਸ ਰਹਿੰਦੇ ਸਨ। ਬਹੁਤ ਭਜਨ ਸਿਮਰਨ ਕਰਨ ਵਾਲੇ ਸਨ, ਇਨ੍ਹਾਂ ਦਾ ਪ੍ਰਸੰਗ ਪਿਛਲੇ ਪਾਸੇ ਵਿੱਚ ਆ ਚੁੱਕਾ ਹੈ)। ਕੇਸਰ ਸਿੰਘ ਜੀ ਨੂੰ ਸੰਬੋਧਨ ਕਰਕੇ ਬਾਬਾ ਜੀ ਨੇ ਬਚਨ ਕੀਤਾ "ਕੇਸਰ ਕਸਤੂਰੀ, ਤੇਰੀ ਬੰਦਗੀ ਹੋਈ ਪੂਰੀ, ਜੋ ਮੰਗਣਾ ਹੈ ਮੰਗ ਲੈ"। ਇਹ ਬਚਨ ਕਈ ਵਾਰ ਬਾਬਾ ਜੀ ਨੇ ਕੀਤਾ। ਪਰੰਤੂ ਹਰ ਵਾਰ ਸੰਤ ਕੇਸਰ ਸਿੰਘ ਜੀ ਇਹੋਂ ਬੇਨਤੀ ਕਰ ਦਿੰਦੇ, "ਗ਼ਰੀਬ ਨਿਵਾਜ਼ ਮੈਨੂੰ ਤਾਂ ਕਿਸੇ ਵਸਤੂ ਦੀ ਲੋੜ ਨਹੀਂ। ਮੇਰੀਆਂ ਲੋੜਾਂ ਸਭ ਤੁਸੀਂ ਪੂਰੀਆਂ ਕਰ ਦਿੱਤੀਆਂ ਹਨ।" ਪੰਡਿਤ ਸ੍ਰੀ ਰਾਮ ਸਿੰਘ ਜੀ ਵੱਲ ਇਸ਼ਾਰਾ ਕਰਕੇ ਬਚਨ ਕਰਨਾ, "ਇਹ ਜੋ ਕੁਝ ਮੰਗਦਾ ਹੈ ਇਸਨੂੰ ਬਖਸ਼ ਦਿਓ। ਇਸ ਉੱਪਰ ਮੇਹਰ ਕਰਨੀ।" ਉਪਰੰਤ ਬਾਬਾ ਜੀ ਨੇ ਬਚਨ ਕਰਨਾ "ਸ਼ੁੱਧ ਹੈ"। ਸੋ ਇਸ ਤਰ੍ਹਾਂ ਪੰਡਿਤ ਸ੍ਰੀ ਰਾਮ ਸਿੰਘ ਜੀ ਉੱਪਰ ਸਮੇਂ ਅਨੁਸਾਰ ਮੇਹਰਾਂ ਹੁੰਦੀਆਂ ਰਹੀਆਂ।

## ਤੇਰਾ ਹੁਕਮੁ ਭਲਾ ਤੁਧੁ ਭਾਵੈ

(ਅੰਗ ੩੫੯)

ਜੋ ਹੁੰਦਾ ਹੈ ਕਿਸੇ ਰੱਬੀ ਪ੍ਰੇਰਨਾ ਅਨੁਸਾਰ ਹੁੰਦਾ ਹੈ। ਹੁਕਮ ਨਾਲ ਹੀ ਮਹਾਂਪੁਰਖ ਸਭ ਕੁਝ ਕਰਦੇ ਹਨ। ਜੋ ਹੁਕਮ ਹੈ ਓਹ ਨਿਰੰਕਾਰ ਦਾ ਹੁੰਦਾ ਹੈ, ਪਰੰਤੂ ਵਰਤਦਾ ਕਿਸੇ ਮਹਾਂ ਪੁਰਖ ਦੇ ਰਾਹੀਂ ਹੈ। ਜਾਂ ਮਹਾਂਪੁਰਖ ਦੀ ਰਸਨਾ ਤੋਂ ਨਿਕਲੇ ਜਾਂ ਉਨ੍ਹਾਂ ਤੋਂ ਕਿਸੇ ਇਸ਼ਾਰੇ ਮਾਤਰ ਉਨ੍ਹਾਂ ਦਾ ਵਰਤਾਓ ਹੋਵੇ। ਬਾਬਾ ਜੀ ਦੇ ਬਚਨ ਅਨੁਸਾਰ ਕੋਠੀ ਮਹਾਰਾਣੀ ਦਲੀਪ ਕੌਰ ਨੇ ਸੰਪੂਰਨ ਕਰ ਦਿੱਤੀ। ਪਰੰਤੂ ਬਾਬਾ ਜੀ ਨੇ ਆਪਣਾ ਆਸਣ ਇਸ ਕੋਠੀ ਵਿੱਚ ਨਹੀਂ ਲਾਇਆ। ਇੱਕ ਵਾਰੀ ਵੀ ਕੋਠੀ ਵਿੱਚ ਚਰਨ ਨਹੀਂ ਪਾਏ।

ਪਿਛੇ ਪਾਠਕ ਪੜ੍ਹ ਚੁੱਕੇ ਹਨ। ਕਈ ਵਾਰ ਸੰਗਤ ਨੇ ਬੇਨਤੀ ਕੀਤੀ ਸੀ, ਸ੍ਰੀ ਗੁਰੂ ਗ੍ਰੰਥ ਸਾਹਿਬ ਲੈ ਆਈਏ, ਪਰੰਤੂ ਬਾਬਾ ਜੀ ਨੇ ਹੁਕਮ ਨਹੀਂ ਸੀ ਦਿੱਤਾ, ਜਦੋਂ ਕੋਠੀ ਬਣ ਗਈ ਤਾਂ ਇੱਕ ਵਾਰ ਫਿਰ ਸੰਗਤ ਨੇ ਬੇਨਤੀ ਕੀਤੀ ਕਿ ਮਹਾਰਾਜ ਇਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਲਿਆ ਕੇ ਰੱਖੀਏ। ਬਾਬਾ ਜੀ ਨੇ ਤਤਕਾਲ ਹੀ ਮਨਜ਼ੂਰੀ ਦੇ ਦਿੱਤੀ। ਹੁਕਮ ਕੀਤਾ "ਪੰਜ ਸਿੱਖ ਜਾ ਕੇ ਸ੍ਰੀ ਅੰਮ੍ਰਿਤਸਰ ਤੋਂ ਲੈ ਆਓ"। ਜਿਸ ਵਕਤ ਬੇਨਤੀ ਕੀਤੀ ਕਿ ਪੰਜ ਸਿੱਖ ਕਿਹੜੇ ਹਨ ਨਾਮ ਦੱਸੋ। ਉਪਰੰਤ ਬਾਬਾ ਜੀ ਨੇ ਪੰਜ ਹੇਠ ਲਿਖੇ ਨਾਮ ਦੱਸੇ.

1) ਭਾਈ ਹਰਚੰਦ ਸਿੰਘ ਬੀਕੀ ਦਾ,
2) ਭਾਈ ਚੰਦਾ ਸਿੰਘ
3) ਮੁਨਸ਼ੀ ਹਰਦਿੱਤ ਸਿੰਘ,
4) ਭਾਈ ਰਤਨ ਸਿੰਘ ਡਰੋਲੀ-

ਇਕ ਨਾਮ ਦਾਸ ਨੂੰ ਵਿਸਰ ਗਿਆ ਹੈ।

ਤੁਰਨ ਸਮੇਂ ਬੜੀ ਸਖ਼ਤ ਸਿੱਖਿਆ ਦਿੱਤੀ "ਸ੍ਰੀ ਅੰਮ੍ਰਿਤਸਰ ਪਹੁੰਚ ਕੇ ਪਹਿਲਾਂ ਹਰਿਮੰਦਰ ਸਾਹਿਬ ਪਹੁੰਚ ਕੇ ਇਸ਼ਨਾਨ ਕਰਨਾ। ਫਿਰ ਉਥੇ ਦੇਗ ਕਰਵਾਉਣੀ। ਉਥੇ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਲੈ ਜਾਣ ਵਾਸਤੇ ਅਰਦਾਸ ਕਰਨੀ। ਫਿਰ ਬਜ਼ਾਰ ਵਿੱਚੋਂ ਸਤਿਗੁਰੂ ਦਾ ਸਰੂਪ ਲੈ ਕੇ ਇੱਕ ਘੜਿਆਲ ਨਾਲ ਲੈ ਕੇ ਡੂਢੇ ਕਿਰਾਈ ਵਾਲੀ ਸੀਟ ਉੱਤੇ ਸਤਿਗੁਰੂ ਬਿਠਾ ਕੇ ਆਪ ਸੀਟ ਤੋਂ ਭੁੰਜੇ ਲੀੜਾ ਵਿਛਾਕੇ ਫਰਸ਼ ਤੇ ਬੈਠ ਕੇ ਬਾਣੀ ਪੜਦਿਆਂ ਨੇ ਬਠਿੰਡੇ ਤੋਂ ਐਥੇ ਭੁੱਚੋ ਤਕ ਆਉਣਾ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਬੈਠ ਕੇ ਬਾਣੀ ਪੜ੍ਹਣ ਦਾ ਕਈ ਗੁਣਾ ਵੱਧ ਫਲ ਹੈ"। ਇਉਂ ਸਾਰੀ ਮਰਿਯਾਦਾ ਸਮਝਾ ਕੇ ਪੰਜ ਸਿੰਘ ਅੰਮ੍ਰਿਤਸਰ ਤੋਰ ਦਿੱਤੇ। ਉਪਰੰਤ ਹੁਕਮ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਲੈ ਕੇ ਆਏ। ਜਿਸ ਵੇਲੇ ਘੜਿਆਲ ਦੀ ਅਵਾਜ਼ ਬਾਬਾ ਜੀ ਤੱਕ ਪਹੁੰਚੀ ਹਜ਼ੂਰ ਆਪਣੇ ਆਸਣ ਉੱਤੇ ਉੱਠ ਖਲੋਤੇ। ਇਤਨੇ ਨੂੰ ਪੰਜੇ ਸੇਵਦਾਰ ਡੇਰੇ ਤੇ ਪਹੁੰਚ

ਗਏ ਤਾ ਬਾਬਾ ਜੀ ਨੇ ਉੱਧਰ ਨੂੰ ਮੁਖ ਕਰਕੇ ਨਮਸਕਾਰ ਕੀਤੀ। ਇਉਂ ਕੋਠੀ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਸਥਾਨ ਕੀਤਾ। ਜਿਸ ਸਮੇਂ ਸਤਿਗੁਰੂ ਦੀ ਸੇਵਾ ਆਦਿਕ ਕਰਨ ਲਈ ਬੇਨਤੀ ਕਰਕੇ ਆਗਿਆ ਮੰਗੀ ਤਾ ਹੁਕਮ ਕੀਤਾ "ਸਮਾਂ ਨੇੜੇ ਹੀ ਹੈ। ਇਨ੍ਹਾਂ ਦੀ ਸੇਵਾ ਕਰਨ ਵਾਲਾ ਪ੍ਰਗਟ ਹੋਣ ਵਾਲਾ ਹੈ। ਬੇ-ਅੰਤ ਸੇਵਾ ਕਰੇਗਾ ਅਤੇ ਕਰਾਵੇਗਾ ਅਜੇ ਓਹ ਮਹਾਂਪੁਰਖ ਗੁਪਤ ਹੈ"। ਇਹ ਇਸ਼ਾਰਾ ਬਾਬਾ ਅਨੰਦ ਸਿੰਘ ਜੀ ਕਲੇਰਾਂ ਵਾਲਿਆਂ ਵੱਲ ਸੀ। ਬਾਬਾ ਅਨੰਦ ਸਿੰਘ ਜੀ ਸਮੇਂ-ਸਮੇਂ ਅਨੁਸਾਰ ਸਭ ਬਿਹੰਗਮਾ ਪਾਸੋਂ ਸੇਵਾ ਕਰਾਉਂਦੇ ਰਹੇ, ਜਿਵੇਂ ਭਾਈ ਸੰਤਾ ਸਿੰਘ ਹੈੱਡ ਰਾਗੀ, ਭਾਈ ਰਤਨ ਸਿੰਘ ਡਰੋਲੀ ਤੇ ਬਾਬਾ ਹਜ਼ੂਰ ਸਿੰਘ ਅਤੇ ਹੋਰ ਵੀ ਕਈ ਸਿੰਘ ਜਿਸਨੂੰ ਵੀ ਚਾਹੁੰਦੇ ਸੇਵਾ ਵਿੱਚ ਲਾ ਲੈਂਦੇ ਸਨ-

ਇਸ ਸਮੇਂ ਸੰਤ ਕੁੰਦਨ ਸਿੰਘ ਜੀ ਸੇਵਾ ਕਰ ਕਰਾ ਰਹੇ ਹਨ।

ਇਹ ਪ੍ਰਸੰਗ ਭਾਈ ਰਤਨ ਸਿੰਘ ਡਰੋਲੀ ਤੋਂ ਮਿਲਿਆ।

**ਡਰਪੈ ਧਰਤਿ ਅਕਾਸੁ ਨਖੵਤ੍ਰਾ ਸਿਰ ਊਪਰਿ ਅਮਰੁ ਕਰਾਰਾ ॥**
**ਪਉਣੁ ਪਾਣੀ ਬੈਸੰਤਰੁ ਡਰਪੈ ਡਰਪੈ ਇੰਦ੍ਰੁ ਬਿਚਾਰਾ ॥**

(ਅੰਗ ੯੯੯)

ਬਾਬਾ ਜੀ ਦੇ ਸਮੇਂ ਬਹੁਤ ਵਾਂਸ ਪਏ ਹੁੰਦੇ ਸਨ। ਜੇ ਕਿਸੇ ਸਮੇਂ ਕਿਸੇ ਨੇ ਨਗਰ ਵਿੱਚੋਂ ਆ ਕੇ ਬੇਨਤੀ ਕਰਨੀ ਮਹਾਰਾਜ, ਮੀਂਹ ਦੀ ਲੋੜ ਹੈ ਜਾਂ ਹਵਾ ਚਲਾਉ ਤਾਂ ਹੁਕਮ ਕਰਕੇ ਕੋਈ ਵਾਂਸ ਜਿਥੇ ਹੁਕਮ ਦੇਣਾ ਉਥੇ ਰੱਖ ਦੇਣਾ ਤਾਂ ਲੋੜ ਅਨੁਸਾਰ ਬਾਰਸ਼, ਹਵਾ ਆਦਿਕ ਚੱਲ ਪੈਂਦੀ ਸੀ। ਫਿਰ ਹੁਕਮ ਨਾਲ ਉਥੋਂ ਚੁੱਕ ਕੇ ਦੂਜੇ ਥਾਂ ਰੱਖਣ ਨਾਲ ਬਾਰਸ਼ ਹਵਾ ਬੰਦ ਹੋ ਜਾਂਦੀ ਸੀ। ਇੱਕ ਵਾਰ ਸਾਵਣ, ਭਾਦਰੋਂ ਦੇ ਮਹੀਨੇ ਹਵਾ ਬੰਦ ਸੀ। ਹਵਾ ਬੰਦ ਹੋਣ ਕਰਕੇ ਸਭ ਜੀ ਜੰਤ ਬੜੇ ਦੁਖੀ ਸਨ। ਕਿਸੇ ਨੇ ਨਗਰ ਵਿੱਚੋਂ ਬੇਨਤੀ ਕੀਤੀ ਕਿ ਮਹਾਰਾਜ ਹਵਾ ਜਮਾਂ ਹੀ ਬੰਦ ਹੈ। ਕੁਝ ਕ੍ਰਿਪਾ

ਕਰੋ ਤਾਂ ਬਾਬਾ ਜੀ ਨੇ ਬਚਨ ਕੀਤਾ "ਹਨੇਰੀ ਚਲਾ ਦੇਈਏ।" ਉਸ ਪ੍ਰੇਮੀ ਨੇ ਬੇਨਤੀ ਕੀਤੀ ਮਹਾਰਾਜ ਇਸ ਗੁਮ ਨਾਲੋਂ ਤਾਂ ਹਨ੍ਹੇਰੀ ਚੰਗੀ ਹੈ। ਹਜ਼ੂਰ ਨੇ ਹੁਕਮ ਕੀਤਾ "ਫਿਰ ਇਉਂ ਕਰੋ ਆਹ ਜਿਹੜੀ ਲੋਟੀ ਟਿੱਲੇ ਉੱਤੇ ਪਈ ਹੈ ਇਸ ਦਾ ਮੂੰਹ ਪਹਾੜ ਵੱਲ ਕਰ ਦਿਉ"। ਹੁਕਮ ਅਨੁਸਾਰ ਕਰਨ ਦੀ ਦੇਰ ਸੀ ਕਿ ਕੁਝ ਮਿੰਟਾਂ ਦੇ ਅੰਦਰ ਅੰਦਰ ਇਤਨੀ ਜ਼ੋਰਦਾਰ ਹਵਾ ਚੱਲੀ ਤੇ ਨਾਲ ਠੰਢ ਹੋ ਗਈ। ਜਿਥੇ ਅੱਗੇ ਸਰੀਰ ਉੱਪਰ ਕੱਪੜਾ ਨਹੀਂ ਸੀ ਰੱਖਿਆ ਜਾਂਦਾ, ਠੰਢੀ ਹਵਾ ਚੱਲਣ ਕਰਕੇ ਲੋਕਾਂ ਨੇ ਚਾਂਦਰਾ ਦੀਆਂ ਬੁਕਲਾਂ ਮਾਰੀਆਂ। ਉਸ ਸਮੇਂ ਬਾਬਾ ਬੁੱਧ ਸਿੰਘ ਢਿਲੋਂ ਹਜ਼ੂਰ ਦੇ ਚਰਨਾਂ ਵਿੱਚ ਬੈਠਾ ਸੀ। ਉਸਨੇ ਬੇਨਤੀ ਕੀਤੀ "ਮਹਾਰਾਜ ਹੁਣ ਬਸ ਕਰੋ। ਬਹੁਤ ਹਵਾ ਚੱਲਦੀ ਹੈ। ਅੱਖਾਂ ਵਿੱਚ ਮਿੱਟੀ ਪੈਂਦੀ ਹੈ। ਤੁਰਿਆਂ ਨਹੀਂ ਜਾਂਦਾ। ਨਾਲ ਹੀ ਬਾਬੇ ਬੁੱਧ ਸਿੰਘ ਢਿੱਲੋਂ ਨੇ ਬੇਨਤੀ ਕੀਤੀ, "ਮਹਾਰਾਜ ਉਸ ਲੋਟੇ ਦਾ ਮੂੰਹ ਜਿਹੜਾ ਹੁਕਮ ਅਨੁਸਾਰ ਪਹਾੜ ਨੂੰ ਕੀਤਾ ਹੈ। ਉਸਦਾ ਮੂੰਹ ਦੂਜੇ ਪਾਸੇ ਕਰ ਦਿਆਂ?" ਬਾਬਾ ਜੀ ਨੇ ਬਚਨ ਕੀਤਾ "ਬੁੱਧ ਸਿਆਂ ਇਨ੍ਹਾਂ ਲੋਟਾ ਜਾਂ ਬਾਸਾਂ ਵਿੱਚ ਕੁਝ ਨਹੀਂ। ਜੋ ਕੁਝ ਹੈ, ਹੁਕਮ ਵਿੱਚ ਹੈ। ਹੁਕਮ ਨਾਲ ਹੀ ਹਵਾ ਚੱਲੀ ਹੈ, ਹੁਕਮ ਨਾਲ ਹੀ ਬੰਦ ਹੁੰਦੀ ਹੈ। ਕਿਸੇ ਸਮੇਂ ਲੋਟ ਜਾਂ ਬਾਸਾਂ ਬਦਲੇ ਨਾ ਲੜਿਓ। ਗੁਰੂ ਨਾਨਕ ਦੀ ਕ੍ਰਿਪਾ ਨਾਲ ਸਭ ਕੁਝ ਹੁਕਮ ਵਿੱਚ ਹੈ।"

1) ਬਾਬਾ ਬੁੱਧ ਸਿੰਘ ਢਿਲੋਂ ਦੇ ਪੋਤਰੇ ਗੁਲਵੰਤ ਸਿੰਘ ਦੱਸਿਆ ਕਿ ਇੱਥੇ ਇੱਕ ਵਣ ਦਾ ਦਰਖ਼ਤ ਹੁੰਦਾ ਸੀ। ਉਹ ਵਣ ਵਿੱਚੋਂ ਪੋਲਾ ਹੋਣ ਕਰਕੇ ਉਸ ਵਿੱਚ ਇੱਕ ਖੁੱਡ ਸੀ। ਉਸ ਖੁੱਡ ਵਿੱਚ ਇੱਕ ਘੁੱਗੂ ਰਹਿੰਦਾ ਸੀ। ਉਸ ਵਣ ਦੇ ਮੁੱਢ ਨਾਲ ਬਾਬਾ ਜੀ ਦੇ ਹੁਕਮ ਅਨੁਸਾਰ ਇੱਕ ਮਿੱਟੀ ਦਾ ਪਿਆਲਾ ਪਾਣੀ ਦਾ ਭਰ ਕੇ ਰੱਖਿਆ ਹੁੰਦਾ ਸੀ। ਹੁਕਮ ਨਾਲ ਹੀ ਉਥੇ ਕੁਝ ਦਾਣੇ ਖਿਲਾਰ ਕੇ ਰੱਖੇ ਜਾਂਦੇ ਸਨ। ਉਹ ਵਣ ਦੀ ਖੁੱਡ ਵਿੱਚੋਂ ਬਾਹਰ ਆ ਕੇ ਦਾਣੇ ਚੁਗ ਲੈਂਦਾ ਅਤੇ ਪਾਣੀ ਪੀ ਕੇ ਮੁੜ ਕੇ ਖੁੱਡ ਵਿੱਚ ਹੀ ਵੜ ਕੇ ਬੈਠ ਜਾਂਦਾ ਸੀ। ਬਾਬਾ ਜੀ ਨੇ ਘੁਗੂ ਦਾ ਨਾਮ "ਅਲਫਾ" ਰੱਖਿਆ ਸੀ।

2) ਜਿਥੇ ਇਨਸਾਨ ਦੀ ਸੋਚ ਅਤੇ ਸਮਝ ਕੰਮ ਨਹੀਂ ਕਰਦੀ। ਕਦੇ ਬਾਬਾ ਜੀ ਨੇ ਹੁਕਮ ਕਰਨਾ "ਚੰਗਾ ਜੇ ਹਵਾ ਦੀ ਲੋੜ ਹੈ ਤਾਂ ਅਲਫੇ ਨੂੰ ਆਖ ਦਿੰਦੇ ਹਾਂ ਪੱਖਾ ਚਲਾ ਦਿਊਗਾ।" ਨਾਲ ਹੀ ਹੁਕਮ ਨਾਲ "ਅਲਫਾ" ਹਵਾ ਦੀ ਲੋੜ ਹੈ, ਪਖਾ ਚਲਾ ਦੇ। ਘੁਗੂ ਨੇ ਬੋਲਣਾ ਸ਼ੁਰੂ ਕਰ ਦੇਣਾ। ਹਵਾ ਚਲ ਪੈਂਣੀ। ਜਿਤਨੀ ਦੇਰ ਹਵਾ ਚਲਣੀ ਘੁਗੂ ਨੇ ਬੋਲਦੇ ਰਹਿਣਾ। ਜਦੋਂ ਹੁਕਮ ਦੇ ਕੇ ਘੁਗੂ ਨੂੰ ਚੁਪ ਕਰਾਉਣਾ ਤੇ ਹਵਾ ਵੀ ਬੰਦ ਹੋ ਜਾਣੀ। ਕਈ ਵਾਰ ਇਉਂ ਵੀ ਹੁੰਦਾ ਸੀ। ਬੇ-ਅੰਤ ਖੇਡ ਸੀ ਬਾਬਾ ਮਹਾਂ ਹਰਿਨਾਮ ਸਿੰਘ ਜੀ ਮਹਾਰਾਜ ਦੀ। ਕਰਤੇ ਪੁਰਖ ਨਾਲ ਅਭੇਦ ਹੋ ਕੇ ਸਾਰੇ ਖੰਡਾਂ ਵਿਚ ਬ੍ਹਿਮੰਡਾਂ ਵਿਚ ਹੁਕਮ ਚਲਾਉਂਦੇ ਸਨ ਜਿਵੇਂ ਬਾਣੀ ਵਿੱਚ ਫੁਰਮਾਣ ਹੈ।

**ਨਾਨਕੁ ਕਹਤ ਸੁਨਹੁ ਰੇ ਲੋਗਾ ਸੰਤ ਰਸਨ ਕੋ ਬਸਹੀਅਉ ॥**

(ਅੰਗ ੭੦੦)

ਅਥਵਾ

**ਪ੍ਰਭ ਜੀ ਬਸਹਿ ਸਾਧ ਕੀ ਰਸਨਾ ॥**

(ਅੰਗ ੨੬੩)

ਇਹ ਪ੍ਰਸੰਗ ਗੁਲਵੰਤ ਸਿੰਘ ਪਾਸੋਂ ਮਿਲਿਆ

## ਬਿਖੁ ਅੰਮ੍ਰਿਤੁ ਕਰਤਾਰਿ ਉਪਾਏ।
## ਸੰਸਾਰ ਬਿਰਖ ਕਉ ਦੁਇ ਫਲ ਲਾਏ।

(ਅੰਗ ੧੧੭੨)

ਜਿਥੇ ਜਹਿਰ ਹੈ, ਉਥੇ ਅੰਮ੍ਰਿਤ ਵੀ ਹੈ। ਜੇ ਕੁਦਰਤ ਨੇ ਗੁਲਾਬ ਵਰਗਾ ਫੁੱਲ ਪੈਦਾ ਕੀਤਾ, ਪ੍ਰੰਤੂ ਉਸਦੀ ਡਾਹਣੀ ਨਾਲ ਕੰਡੇ ਵੀ ਬੇ-ਅੰਤ ਹਨ। ਇਸ ਸੰਸਾਰ ਵਿੱਚ ਜਿਥੇ ਮਹਾਂ ਪੁਰਖ ਆਏ ਨਾਲ ਸਾਕਤ ਪੁਰਖ ਵੀ ਆਏ। ਸਾਕਤ ਪੁਰਖ ਆਪਣੇ ਵਿਉਹਾਰ ਤੋਂ ਨਹੀਂ ਟਲੇ ਅਤੇ ਮਹਾਂਪੁਰਖ ਸੰਸਾਰੀ ਅਤੇ ਪ੍ਮਾਰਥ ਦੇ ਬੇ-ਅੰਤ ਖੁਲ੍ਹੇ ਗਫੇ ਵਰਤਾਉਂਦੇ ਰਹੇ ਜਿਵੇਂ ਬਾਣੀ ਵਿੱਚ ਫੁਰਮਾਣ ਹੈ।

**ਕਬੀਰ ਸੰਤੁ ਨ ਛਾਡੈ ਸੰਤਈ ਜਉ ਕੋਟਿਕ ਮਿਲਹਿ ਅਸੰਤ ॥**

**ਮਲਿਆਗਰੁ ਭੁਯੰਗਮ ਬੇਢਿਓ ਤ ਸੀਤਲਤਾ ਨ ਤਜੰਤ॥**

(ਅੰਗ ੧੩੭੩)

ਇਸੇ ਹੀ ਨਗਰ ਵਿੱਚ ਇੱਕ ਜ਼ਿਮੀਂਦਾਰ ਸੀ ਜਿਸ ਦਾ ਨਾਮ ਮਹਾਂ ਸਿੰਘ ਸੀ। ਉਹ ਚੰਗੀ ਜਾਇਦਾਦ ਦਾ ਮਾਲਕ ਤੇ ਨੰਬਰਦਾਰ ਵੀ ਸੀ। ਇਸਦਾ ਵਿਹਾਰ ਸਤਸੰਗੀਆਂ ਵਾਲਾ ਨਹੀਂ ਸੀ। ਇਸ ਪੁਰਸ਼ ਨੇ ਰੋਜ਼ ਸ਼ਰਾਬ ਪੀ ਕੇ ਬਾਬਾ ਜੀ ਦੇ ਅਸਥਾਨ ਵੱਲ ਆਉਣਾ, ਲਲਕਾਰੇ ਮਾਰਨੇ ਕਹਿਣਾ, "ਮੈਂ ਮਹਾਂ ਸਿੰਘ ਜੱਟ।" ਜਿਸ ਸਮੇਂ ਬਾਬਾ ਜੀ ਦੇ ਅਸਥਾਨ ਦੇ ਨੇੜੇ ਆਉਣਾ ਅਤੇ ਬੋਲਣਾ ਬਾਬਾ ਜੀ ਨੇ ਇਸਨੂੰ ਕਦੇ ਦੋ ਰੁਪਏ ਤੇ ਕਦੇ ਇੱਕ ਰੁਪਿਆ ਦੇ ਕੇ ਮੋੜ ਦੇਣਾ। ਜੇ ਸੇਵਾਦਾਰਾਂ ਨੇ ਬੇਨਤੀ ਕਰਨੀ ਕਿ ਮਹਾਰਾਜ ਅਸੀਂ ਕੁਝ ਕੁ ਬੰਦੇ ਲੈ ਕੇ ਨੰਬਰਦਾਰ ਨੂੰ ਸਮਝਾਈਏ। ਇਹ ਸ਼ਰਾਬ ਪੀ ਕੇ ਰੋਜ਼ ਇਸ ਤਰ੍ਹਾਂ ਕਿਉਂ ਕਰਦਾ ਹੈ। ਤਾਂ ਹੁਕਮ ਕਰਨਾ "ਇਸ ਨੂੰ ਜੋ ਕਰਦਾ ਹੈ ਕਰਨ ਦਿਓ ਜੋ ਕਹਿੰਦਾ ਹੈ, ਕਹਿਣ ਦਿਓ। ਹਟਾਉਣਾ ਨਹੀਂ।" ਇਹ ਵਿਹਾਰ ਉਸਦਾ ਕਈ ਸਾਲ ਚੱਲਦਾ ਰਿਹਾ। ਇੱਕ ਵਾਰ ਭਾਈ ਨੀਲਾ ਸਿੰਘ ਨੇ ਬੇਨਤੀ ਕੀਤੀ ਕਿ ਮਹਾਰਾਜ ਇਸ ਮਹਾਂ ਸਿੰਘ ਨੰਬਰਦਾਰ ਕੋਲ ਜ਼ਮੀਨ ਵੀ ਹੈ ਤੇ ਫਿਰ ਨੰਬਰਦਾਰੀ ਵੀ ਕਰਦਾ ਹੈ। ਤੁਸੀਂ ਇਸਨੂੰ ਹਟਾਉਣ ਦੇ ਥਾਂ ਕੋਲੋ ਰੁਪਈਆਂ ਦਿੰਦੇ ਹੋ। ਉਪਰੰਤ ਬਾਬਾ ਜੀ ਨੇ ਨਾਲ ਹੀ ਆਪਣੇ ਹੱਥ ਉੱਤੇ ਫੂਕ ਮਾਰੀ ਤੇ ਬਚਨ ਕੀਤਾ "ਸਭ ਜ਼ਮੀਨ ਤੇ ਨੰਬਰਦਾਰੀ ਉੱਡ ਜਾਵੇਗੀ।

ਇਹ ਬਚਨ ਅੱਜ ਤਕ ਪ੍ਰਤੱਖ ਹਨ ਵਰਤ ਚੁੱਕੇ ਹਨ।

## ਭੇਖਾਰੀ ਤੇ ਰਾਜ ਕਰਾਵੈ ਰਾਜਾ ਤੇ ਭੇਖਾਰੀ

(ਅੰਗ ੧੨੫੨)

ਸਭ ਤੋਂ ਵੱਡਾ ਸੰਸਾਰੀ ਪਦਾਰਥ ਹਕੂਮਤ ਹੀ ਹੁੰਦੀ ਹੈ। ਛੋਟੇ ਦਰਜੇ ਦੀ ਗ਼ਰੀਬੀ, ਭੁੱਖ ਨਿਰਾਦਰੀ ਹੈ। ਜਿਸਨੇ ਹਕੂਮਤ ਕੀਤੀ ਹੋਵੇ। ਉਸ ਵਾਸਤੇ ਨਿਰਾਦਰੀ ਸਹਾਰਨੀ ਬਹੁਤ ਮੁਸ਼ਕਿਲ ਹੁੰਦੀ ਹੈ। ਪ੍ਰੰਤੂ ਹੁਕਮ ਅਟੱਲ ਹੈ। ਇਹ ਵਰਤ ਕੇ ਰਹਿੰਦਾ ਹੈ। ਗੁਰਵਾਕ ਹੈ।

**ਹੁਕਮੁ ਨ ਜਾਈ ਮੇਟਿਆ ਜੋ ਲਿਖਿਆ ਸੋ ਨਾਲਿ॥**

(ਅੰਗ ੧੦੯੧)

ਪਰੰਤੂ ਮਹਾਂਪੁਰਖ ਸਦਾ ਦਇਆ ਦੇ ਘਰ ਵਿੱਚ ਵਰਤਦੇ ਹਨ। ਕਿਸੇ ਨਾ ਕਿਸੇ ਤਰ੍ਹਾਂ ਮੋਹ ਮਾਇਆ ਵਿੱਚ ਲਗੇ ਜੀਵ ਭਲੇ ਕੰਮਾਂ ਵਿੱਚ ਲੱਗਣ। ਇਹ ਤਾਂ ਹੀ ਹੋ ਸਕਦਾ ਹੈ ਜੇ ਬਚਨ ਮੰਨ ਕੇ ਮਨ ਮਰਜ਼ੀ ਕਰਨ ਤੋਂ ਹਟੋ। ਇੱਕ ਸਮੇਂ ਸ੍ਰੀ ਹਜ਼ੂਰ ਬਾਬਾ ਮਹਾਂ ਹਰਿਨਾਮ ਸਿੰਘ ਜੀ ਨੇ ਮੁਨਸ਼ੀ ਹਰਦਿੱਤ ਸਿੰਘ ਅਤੇ ਪੰਡਿਤ ਸ੍ਰੀ ਰਾਮ ਸਿੰਘ ਨੂੰ ਹੁਕਮ ਦਿੱਤਾ "ਹਿੰਦੁਸਤਾਨ ਵਿੱਚ ਕਿੰਨੀਆਂ ਰਿਆਸਤਾਂ ਹਨ। ਸਭ ਦੀ ਗਿਣਤੀ ਕਰੋ"। ਇਨ੍ਹਾਂ ਨੇ ਗਿਣਤੀ ਕਰਕੇ ਬਾਬਾ ਜੀ ਅੱਗੇ ਬੇਨਤੀ ਕੀਤੀ "ਮਹਾਰਾਜ, ਹੁਣ ਕੀ ਹੁਕਮ ਹੈ।" ਫਿਰ ਬਾਬਾ ਜੀ ਨੇ ਹੁਕਮ ਕੀਤਾ "ਇਨ੍ਹਾਂ ਰਿਆਸਤਾਂ ਦੇ ਰਾਜਿਆ ਨੂੰ ਚਿੱਠੀਆਂ ਲਿਖੋ ਅਤੇ ਅਸਾਡੇ ਵਲੋਂ ਦੱਸੋ ਕਿ ਤੁਹਾਡੀਆਂ ਰਿਆਸਤਾਂ ਜਾ ਰਹੀਆਂ ਹਨ। ਤੁਸੀਂ ਦਿਨ ਰਾਤ ਮਾੜੇ ਕੰਮਾਂ ਉੱਤੇ ਲੱਕ ਬੰਨਿਆ ਹੈ।" ਤੁਸੀਂ ਅਸਾਡੇ ਕੋਲ ਆਉ। ਗੁਰੂ ਨਾਨਕ ਸਾਹਿਬ ਦੀ ਕ੍ਰਿਪਾ ਨਾਲ ਤੁਹਾਨੂੰ ਸਿੱਧੇ ਰਾਹ ਪਾਈਏ ਅਤੇ ਤੁਹਾਡਾ ਰਾਜ ਭਾਗ ਬਚ ਜਾਵੇਗਾ। ਕਿ ਜੇ ਬਚਾਉਣਾ ਹੈ ਤਾਂ ਹੁਣ ਮੌਕਾ ਹੈ। ਸਾਡੇ ਕੋਲ ਪਹੁੰਚੋ"। ਉਪਰੰਤ ਮੁਨਸ਼ੀ ਹਰਦਿੱਤ ਸਿੰਘ ਅਤੇ ਪੰਡਿਤ ਸ੍ਰੀ ਰਾਮ ਸਿੰਘ ਸੋਚਾਂ ਵਿੱਚ ਪੈ ਗਏ ਕਿ ਬਾਬਾ ਜੀ ਤਾਂ ਬੇ-ਪਰਵਾਹ ਹਨ। ਅੰਗਰੇਜ਼ ਦੀ ਹਕੂਮਤ ਹੈ। ਤੇ ਫਿਰ ਰਾਜੇ ਰਿਆਸਤਾਂ ਦੇ ਮਾਲਕ ਕਿਤੇ ਕੋਈ ਹੋਰ ਹੀ ਉੱਪਦਰ ਨ ਖੜਾ ਕਰ ਦੇਣਾ। ਬਾਬਾ ਜੀ ਨੇ ਕਈ ਵਾਰ ਬਚਨ ਕੀਤਾ। "ਡਰਨ ਦੀ ਲੋੜ ਨਹੀਂ। ਤੁਸੀਂ ਇੱਕ ਵਾਰ ਚਿੱਠੀ ਲਿਖੋ। ਜਿਸਨੂੰ ਲੋੜ ਹੋਵੇਗੀ ਆ ਜਾਵੇਗਾ। ਨਾ ਆਉ ਤਾਂ ਨਾ ਸਹੀ, ਤੁਸੀਂ ਡਰੋ ਨਾ ਲਿਖ ਦਿਓ।" ਉਪਰੰਤ ਬਚਨ ਮੰਨ ਕੇ ਸਭ ਨੂੰ ਖੱਤ ਲਿਖ ਦਿੱਤੇ। ਪਰ ਆਇਆ ਕੋਈ ਨਹੀਂ।

**ਫਰੀਦਾ ਕੂਕੇਦਿਆਂ ਚਾਂਗੇਦਿਆਂ ਮਤੀ ਦੇਦਿਆਂ ਨਿਤ॥**
**ਜੋ ਸੈਤਾਨਿ ਵੰਞਾਇਆ ਸੇ ਕਿਤ ਫੇਰਹਿ ਚਿਤ॥**

(ਸ਼ੇਖ ਫਰੀਦ ਜੀ, ਅੰਗ ੧੩੭੮)

# ਆਪਿ ਲੀਏ ਲੜਿ ਲਾਇ ਦਰਿ ਦਰਵੇਸ ਸੇ ॥

(ਅੰਗ ੪੮੮)

ਮਾਇਆ ਨਾਮ ਭੁਲੇਖੇ ਦਾ ਹੈ। ਕੋਈ ਪੁੱਤਰਾਂ ਦੇ ਮੋਹ ਵਿੱਚ ਆ ਕੇ ਭੁੱਲ ਜਾਂਦਾ ਹੈ। ਕੋਈ ਮੋਹ ਆਦਿਕ ਵਿੱਚ ਪੈ ਕੇ ਭੁੱਲ ਜਾਂਦਾ ਹੈ, ਜੇ ਸਾਧੂ ਸੰਤ ਹੈ ਤਾਂ ਦੁਨੀਆਂ ਦੀ ਮਾਣ ਵਡਿਆਈ ਵਿੱਚ ਆ ਕੇ ਭੁੱਲ ਜਾਂਦਾ ਹੈ। ਐਸੇ ਵਿਰਲੇ ਉੱਤਮ ਜਗਿਆਸੂ ਵੀ ਹੁੰਦੇ ਹਨ, ਜਿਨ੍ਹਾਂ ਨੂੰ ਨਿਰੰਕਾਰ ਕੋਈ ਨਾ ਕੋਈ ਦੁਖ ਕਸ਼ਟ ਦੇ ਕੇ ਦੁਖ ਵਿੱਚੋਂ ਕੱਢ ਕੇ ਸਿੱਧੇ ਰਸਤੇ ਉਪਰ ਲੈ ਆਉਂਦਾ ਹੈ। ਇਸੇ ਤਰ੍ਹਾਂ ਦੇ ਕਈ ਪ੍ਰਸੰਗਾਂ ਵਿੱਚੋਂ ਇੱਕ ਪ੍ਰਸੰਗ ਕਰਾਚੀ ਦੇ ਸੇਠਾਂ ਦਾ ਹੈ, ਇਹ ਦੋ ਸਕੇ ਭਰਾ ਕਰਾਚੀ ਹੁਣ ਪਾਕਿਸਤਾਨ ਵਿੱਚ ਸਹਿਜਧਾਰੀ ਸਿੰਧੀ ਸੇਠ ਸਨ। ਇਨ੍ਹਾਂ ਦੀ ਉਸ ਸਮੇਂ ਹੀਰਿਆਂ ਦੀ ਦੁਕਾਨ ਸੀ। ਜੌਹਰੀ ਸਨ ਹੀਰੇ ਵੇਚਦੇ ਅਤੇ ਖਰੀਦਦੇ ਸਨ। ਗ੍ਰਿਹਸਤੀ ਸਨ, ਇਨ੍ਹਾਂ ਦਾ ਪਰਿਵਾਰ ਵੀ ਸੀ। ਇੱਕ ਵਾਰ ਇਨ੍ਹਾਂ ਦੀ ਦੁਕਾਨ ਉੱਤੇ ਇੱਕ ਅੰਗਰੇਜ਼ ਅਤੇ ਉਸਦੀ ਮੇਮ ਆਏ। ਮੇਮ ਨੇ ਕੋਈ ਹੀਰਾ ਖਰੀਦਣਾ ਸੀ। ਉਸ ਨੇ ਕਈ ਹੀਰੇ ਵੇਖੇ ਅਤੇ ਉਸਦੇ ਪਸੰਦ ਕੋਈ ਨਾ ਆਇਆ। ਅਖੀਰ ਉੱਤੇ ਇੱਕ ਜੌਹਰੀ ਦੇ ਭਰਾ ਨੇ ਰਤਾ ਕੁ ਗ਼ੁੱਸੇ ਵਿੱਚ ਆ ਕੇ ਆਖ ਦਿੱਤਾ ਕੁਝ ਖਰੀਦਣਾ ਹੈ ਤਾਂ ਖਰੀਦੋ ਨਹੀਂ ਤਾਂ ਅਸਾਡਾ ਵਕਤ ਖ਼ਰਾਬ ਨਾ ਕਰੋ। ਅੱਗੋਂ ਅੰਗਰੇਜ਼ ਅਤੇ ਮੇਮ ਗੁੱਸੇ ਵਿੱਚ ਆ ਗਏ। ਮੇਮ ਨੇ ਵੀ ਗੁੱਸੇ ਵਾਲੀ ਗੱਲ ਕਹਿ ਦਿੱਤੀ ਅਤੇ ਹੱਥ ਵਿੱਚ ਫੜਿਆ ਹੋਇਆ ਹੀਰਾ ਮੋੜ ਦਿੱਤਾ। ਅੰਗਰੇਜ਼ ਦੇ ਮੰਨ ਵਿੱਚ ਗੁੱਸਾ ਤਾਂ ਹੈ ਸੀ। ਉਪਰੋਂ ਦੁਕਾਨ ਵਿੱਚੋਂ ਉਤਰਨ ਲੱਗਿਆਂ ਮੇਮ ਦੇ ਪੈਰ ਨੂੰ ਠੇਡਾ ਲੱਗ ਕੇ ਐਸੀ ਡਿੱਗੀ ਕਿ ਉਸ ਦੇ ਸਿਰ ਵਿੱਚ ਸੱਟ ਲੱਗ ਗਈ। ਪੌੜੀਆਂ ਵਿੱਚੋਂ ਰਿੜਦੀ ਸੜਕ ਤੇ ਆ ਗਈ। ਮੇਮ ਦੇ ਸਿਰ ਤੇ ਸੱਟ ਸੀ। ਖ਼ੂਨ ਬਹੁਤਾ ਨਿਕਲਣ ਕਰਕੇ

ਹਸਪਤਾਲ ਜਾ ਕੇ ਉਸਦੀ ਮੌਤ ਹੋ ਗਈ। ਉਪਰੰਤ ਪੜਤਾਲ ਹੋਈ ਤੇ ਇਨ੍ਹਾਂ ਦੋਹਾਂ ਸੇਠਾਂ ਉੱਪਰ ਕਤਲ ਦਾ ਕੇਸ ਬਣ ਗਿਆ। ਦੁਕਾਨ ਬੰਦ ਹੋ ਗਈ। ਦੋਵੇਂ ਭਰਾ ਜੇਲ੍ਹ ਵਿੱਚ ਬੰਦ ਹੋ ਗਏ। ਅਮੀਰ ਬੰਦੇ ਉੱਤੇ ਜੇਲ ਦੀ ਪਾਬੰਦੀ। ਇੱਕ ਵਾਰ ਤਾਂ ਮੁਸੀਬਤਾਂ ਦੇ ਪਹਾੜ ਇਨ੍ਹਾਂ ਉੱਪਰ ਆ ਡਿੱਗੇ। ਪਰ ਅਮੀਰ ਹੁੰਦੇ ਹੋਏ ਵੀ ਬੜੀ ਕਠਿਨ ਮਰਿਯਾਦਾ ਨਾਲ ਨਿਤਨੇਮ ਕਰਨਾ ਆਰੰਭ ਕਰ ਦਿੱਤਾ। ਨਿਤਨੇਮੀ ਬੜੇ ਤਕੜੇ ਸਨ। ਪੰਜਾਹ-ਪੰਜਾਹ ਪਾਠ ਜਪੁਜੀ ਸਾਹਿਬ ਦੇ ਦੋਵੇਂ ਭਾਈ ਰੋਜ਼ ਕਰਦੇ ਸਨ। ਜਦੋਂ ਜ਼ੇਲ੍ਹ ਅੰਦਰ ਬੰਦ ਹੋਏ, ਦੋਹਾਂ ਨੇ ਮਿਲਕੇ ਵਿਚਾਰ ਕੀਤੀ। ਇਸ ਕਤਲ ਨਾਲ ਸਾਡਾ ਸਬੰਧ ਕੋਈ ਨਹੀਂ। ਫਿਰ ਇਹ ਸਾਡੇ ਜੁੰਮੇ ਕਿਉਂ ਲੱਗਾ ਪਰ ਜੇ ਕੋਈ ਸਾਡਾ ਪਿਛਲਾ ਕੀਤਾ ਹੋਇਆ ਕਰਮ ਹੈ , ਇਹ ਤਾਂ ਗੁਰੂ ਨਾਨਕ ਹੀ ਜਾਣਦਾ ਹੈ। ਉਪਰੰਤ ਦੋਹਾਂ ਭਰਾਵਾਂ ਨੇ ਜੇਲ੍ਹ ਦੇ ਵਿੱਚ ਹੀ ਅਰਦਾਸ ਕਰਕੇ ਨਿਤਨੇਮ ਵੱਧ ਕਰਨਾ ਆਰੰਭ ਕਰ ਦਿੱਤਾ। ਪੰਜਾਹ-ਪੰਜਾਹ ਪਾਠ ਅੱਗੇ ਹੀ ਸਨ ਫਿਰ ਪੰਝੀ-ਪੰਝੀ ਹੋਰ ਵਧਾ ਦਿੱਤੇ। ਰੋਜ਼ ਅਰਦਾਸ ਕਰਨੀ। ਪੰਝਤਰ-ਪੰਝਤਰ ਪਾਠ ਜਪੁਜੀ ਸਾਹਿਬ ਦੇ ਕਰਨੇ।

**ਜਾ ਕਉ ਮੁਸਕਲੁ ਅਤਿ ਬਣੈ ਢੋਈ ਕੋਇ ਨ ਦੇਇ॥**
**ਲਾਗੂ ਹੋਏ ਦੁਸਮਨਾ ਸਾਕ ਭਿ ਭਜਿ ਖਲੇ॥**
**ਸਭੋ ਭਜੈ ਆਸਰਾ ਚੁਕੈ ਸਭੁ ਅਸਰਾਉ॥**
**ਚਿਤਿ ਆਵੈ ਓਸੁ ਪਾਰਬ੍ਰਹਮ ਲਗੈ ਨਾ ਤਤੀ ਵਾਉ॥**

(ਸਿਰੀਰਾਗੁ ਮਹਲਾ ੫ ਅੰਗ ੭੧)

ਉਪਰੰਤ ਕੁਝ ਦਿਨਾਂ ਵਿੱਚ ਹੀ ਇੱਕ ਦਿਨ ਅੰਮ੍ਰਿਤ ਵੇਲੇ ਜ਼ੇਲ੍ਹ ਦੇ ਵਿੱਚ ਹੀ ਗੁਰੂ ਨਾਨਕ ਸਾਹਿਬ ਦੇ ਦਰਸ਼ਨ ਹੋਏ ਤੇ ਹੁਕਮ ਹੋਇਆ "ਤੁਸੀਂ ਬਰੀ ਹੋ ਜਾਓਗੇ"। ਬਰੀ ਹੋਣ ਤੋਂ ਬਾਅਦ ਤੁਸੀਂ ਭੁਚੋ ਜ਼ਿਲ੍ਹਾ ਬਠਿੰਡਾ ਵਿੱਚ ਇੱਕ ਨਗਰ ਹੈ ਉਥੇ ਪਹੁੰਚੋ। ਇਸ ਤੋਂ ਅਗਲੀ ਗੱਲ ਓਹ ਕਰਨਗੇ ਅਤੇ ਨਾਲ ਹੀ ਭੁੱਚੋਂ ਵਾਲੇ ਬਾਬਾ ਜੀ ਦਾ ਸਰੂਪ ਦਰਸ਼ਨ ਕਰਵਾ ਕੇ ਪਛਾਣ ਵੀ ਪੱਕੀ ਹੋ ਗਈ। ਫਿਰ ਸਤਿਗੁਰੁ ਅਲੋਪ ਹੋ ਗਏ।

2) ਉਪਰੰਤ ਮੁਕਦਮਾ ਚੱਲਦਾ ਰਿਹਾ। ਜਿਸ ਵਕਤ ਫੈਸਲਾ ਹੋਣ ਦਾ ਸਮਾਂ ਨੇੜੇ ਆਇਆ ਸ੍ਰੀ ਗੁਰੂ ਨਾਨਕ ਸਾਹਿਬ ਨੇ ਕਰਾਚੀ ਵਿੱਚ ਲੱਗੇ ਹੋਏ ਸੈਸ਼ਨ ਜੱਜ ਨੂੰ ਜਿਸ ਕੋਲ ਮੁਕਦਮਾ ਸੀ ਨੂੰ ਵੀ ਕਿਸੇ ਰੂਪ ਵਿੱਚ ਦਰਸ਼ਨ ਦੇ ਕੇ ਇਨ੍ਹਾਂ ਨੂੰ ਬਰੀ ਕਰਨ ਦਾ ਹੁਕਮ ਦਿੱਤਾ। ਪਹਿਲਾਂ ਤਾਂ ਉਸਨੇ ਇਸ ਦ੍ਰਿਸ਼ਟਾਂਤ ਨੂੰ ਇੱਕ ਵਹਿਮ ਸਮਝਿਆ। ਦੂਜੀ ਵਾਰ ਇਸਨੂੰ ਸਖਤ ਰੂਪ ਵਿੱਚ ਦਰਸ਼ਨ ਦੇ ਕੇ ਫਿਰ ਤਾੜਨਾ ਕੀਤੀ, ਜਿਸ ਕਰਕੇ ਸੈਸ਼ਨ ਜੱਜ ਕੁਝ ਸੋਚਣ ਉੱਤੇ ਮਜ਼ਬੂਰ ਹੋ ਗਿਆ। ਅਖੀਰ ਉੱਤੇ ਕੇਸ ਦੇ ਫੈਸਲੇ ਦਾ ਦਿਨ ਆ ਗਿਆ, ਅੰਗਰੇਜ਼ ਸੈਸ਼ਨ ਜੱਜ ਕੁਝ ਡਰਨ ਲੱਗਾ। ਪਰੰਤੂ ਮਨ ਅਜੇ ਦੁਚਿੱਤੀ ਵਿੱਚ ਸੀ। ਕਿਸ ਤਰ੍ਹਾਂ ਕੀਤਾ ਜਾਵੇ। ਉਨ੍ਹਾਂ ਸੇਠਾਂ ਦਾ ਨਿਤਨੇਮ ਅਤੇ ਅਰਦਾਸ ਅਜੇ ਵੀ ਉਸੇ ਤਰ੍ਹਾਂ ਹੀ ਜਾਰੀ ਸੀ। ਪਰੰਤੂ ਮਨ ਉੱਚੀ ਅਵੱਸਥਾ ਵਿੱਚ ਸੀ। ਇੱਕ ਦਿਨ ਫਿਰ ਇਨ੍ਹਾਂ ਸੇਠਾਂ ਨੂੰ ਹੁਕਮ ਹੋਇਆ "ਇਥੋਂ ਬਰੀ ਹੋਣ ਉਪਰੰਤ ਤੁਸੀਂ ਸਭ ਤੋਂ ਪਹਿਲੇ ਭੁੱਚੋਂ ਪਹੁੰਚਣਾ ਹੈ। ਹੋਰ ਕੰਮ ਫਿਰ ਕਰਨਾ।"

ਫੈਸਲਾ ਕਰਨ ਸਮੇਂ ਅੰਗਰੇਜ਼ ਸੈਸ਼ਨ ਜੱਜ ਨੇ ਇਨ੍ਹਾਂ ਨੂੰ ਸਜਾ ਦੇਣ ਬਾਰੇ ਕੁਝ ਸੋਚ ਕੇ ਲਿਖਤ ਕਰਨ ਲੱਗਾ। ਫਿਰ ਉਸ ਸਮੇਂ ਪ੍ਰਤੱਖ ਰੂਪ ਵਿੱਚ ਕੋਈ ਗੈਬੀ ਅਵਾਜ਼ ਸੁਣਾਈ ਦਿੱਤੀ "ਇਨ੍ਹਾਂ ਨੂੰ ਕੋਈ ਸਜਾ ਨਹੀਂ ਦੇਣੀ। ਬੇ-ਕਸੂਰ ਹਨ ਵਿਚਾਰੇ। ਇਨ੍ਹਾਂ ਨੂੰ ਬਰੀ ਕਰ ਦੇ।" ਇਹ ਕੋਈ ਬੜੀ ਕੜਕਵੀ ਅਵਾਜ਼ ਸੀ ਅਤੇ ਉਸ ਦੀ ਕਲਮ ਹੀ ਨਾ ਚਲ ਸਕੀ। ਉਪਰੰਤ ਮਜ਼ਬੂਰ ਹੋ ਕੇ ਬਰੀ ਕਰਨ ਦਾ ਹੁਕਮ ਦੇ ਕੇ ਬਾ-ਇੱਜ਼ਤ ਬਰੀ ਕਰ ਦਿੱਤੇ ਤੇ ਕਿਹਾ ਤੁਹਾਡੇ ਸਿਰ ਦੇ ਉੱਤੇ ਕੋਈ ਵੱਡੀ ਤਾਕਤ ਹੈ। ਤੁਹਾਨੂੰ ਉਹ ਬਰੀ ਕਰਵਾ ਰਹੀ ਹੈ। ਮੈਂ ਨਹੀਂ ਕਰਦਾ। ਇਹ ਰੱਬੀ ਹੁਕਮ ਹੈ।

**ਜਿਸ ਕੇ ਸਿਰ ਉਪਰਿ ਤੂੰ ਸੁਆਮੀ ਸੋ ਦੁਖੁ ਕੈਸਾ ਪਾਵੈ॥**
**ਬੋਲਿ ਨ ਜਾਣੈ ਮਾਇਆ ਮਦਿ ਮਾਤਾ ਮਰਣਾ ਚੀਤਿ ਨ ਆਵੈ॥**
**ਮੇਰੇ ਰਾਮਰਾਇ ਤੂੰ ਸੰਤਾ ਕਾ ਸੰਤ ਤੇਰੈ॥**
**ਤੇਰੇ ਸੇਵਕ ਕਉ ਭਉ ਕਿਛੁ ਨਾਹੀ ਜਮੁ ਨਹੀ ਆਵੈ ਨੇਰੇ॥**

(ਸੂਹੀ ਮ. ੫ ਅੰਗ ੭੫੦)

ਹੁਕਮ ਅਨੁਸਾਰ ਦੋਵੇਂ ਭਰਾਂ ਉਸ ਸਮੇਂ ਹੀ ਭੁੱਚੋਂ ਵੱਲ ਨੂੰ ਰਵਾਨਾ ਹੋ ਗਏ। ਕਰਾਚੀ ਤੋਂ ਚਲਕੇ ਬਠਿੰਡੇ ਪਹੁੰਚ ਗਏ।

3) ਇਧਰ ਡੇਰਾ ਰੁੰਮੀ ਵਾਲਾ ਵਿਖੇ ਬਾਬਾ ਮਹਾਂ ਹਰਿਨਾਮ ਸਿੰਘ ਜੀ ਆਪਣੇ ਆਸਣ ਉੱਤੇ ਬਿਰਾਜਮਾਨ ਸਨ। ਅਚਾਨਕ ਹੀ ਹੁਕਮ ਕੀਤਾ "ਨੀਲਾ ਸਿੰਘ ਅਤੇ ਰਤਨ ਸਿੰਘ ਡਰੋਲੀ ਨੂੰ ਹਾਜ਼ਰ ਕਰੋ। ਨੀਲਾ ਸਿੰਘ ਅਤੇ ਰਤਨ ਡਰੋਲੀ ਨੂੰ ਹੁਕਮ ਹੋਇਆ" "ਤੁਸੀਂ ਦੋਵੇਂ ਬਠਿੰਡੇ ਜਾਓ। ਉਥੇ ਦੋ ਗੁਰੂ ਨਾਨਕ ਸਾਹਿਬ ਦੇ ਭਗਤ ਆਏ ਹਨ। ਓਨ੍ਹਾਂ ਨੂੰ ਲੈ ਕੇ ਆਓ"। ਉਪਰੰਤ ਇਨ੍ਹਾਂ ਦੋਹਾਂ ਦੇ ਪਹਿਚਾਣ ਕਰਨ ਦੀਆਂ ਨਿਸ਼ਾਨੀਆਂ ਦੱਸ ਕੇ ਵਿਦਾਅ ਕਰ ਦਿੱਤੇ। ਹੁਕਮ ਅਨੁਸਾਰ ਦੋਵੇਂ ਬਠਿੰਡੇ ਪਹੁੰਚ ਗਏ ਪਛਾਣ ਕੇ ਹੋਲੀ-ਹੋਲੀ ਤੁਰਕੇ ਭੁੱਚੋ ਪਹੁੰਚ ਗਏ। ਜਿਸ ਸਮੇਂ ਦੋਨੋਂ ਸੇਠ ਬਾਬਾ ਜੀ ਦੀ ਹਜ਼ੂਰੀ ਵਿੱਚ ਪਹੁੰਚੇ ਤੇ ਫਿਰ ਦੋਹਾਂ ਨੇ ਹੇਠ ਲਿਖਿਆ ਸ਼ਬਦ ਪੜ੍ਹਿਆਂ—

**ਹਉ ਆਇਆ ਦੂਰਹੁ ਚਲਿ ਕੈ ਮੈ ਤਕੀ ਤਉ ਸਰਣਾਇ ਜੀਉ॥**
**ਮੈਂ ਆਸਾ ਰਖੀ ਚਿਤਿ ਮਹਿ ਮੇਰਾ ਸਭੋ ਦੁਖੁ ਗਵਾਇ ਜੀਉ॥**

(ਅੰਗ ੭੬੩ ਸੂਹੀ ਮਹਲਾ ੫ ਗੁਣਵੰਤੀ)

ਇਹ ਪੰਗਤੀਆਂ ਇਨ੍ਹਾਂ ਨੇ ਕਿਸੇ ਰੰਗ ਵਿੱਚ ਆਕੇ ਕਈ ਵਾਰ ਪੜ੍ਹੀਆਂ ਜਿਨ੍ਹਾਂ ਨੂੰ ਸੁਣਕੇ ਸ੍ਰੀ ਬਾਬਾ ਮਹਾਂ ਹਰਿਨਾਮ ਸਿੰਘ ਜੀ ਬਹੁਤ ਹੀ ਪ੍ਰਸੰਨ ਹੋਇ। ਉਪਰੰਤ ਦੋਹਾਂ ਭਗਤਾਂ ਦੀ ਰਤਨ ਸਿੰਘ ਡਰੋਲੀ ਦੋ ਵਕਤ ਜਲ ਪਾਣੀ ਦੀ ਸੇਵਾ ਕਰਦੇ। ਪਿਤਾ ਜੀ ਦੱਸਦੇ ਸਨ ਉਸ ਸਮੇਂ ਇਨ੍ਹਾਂ ਦੋਹਾਂ ਦੀ ਅਵੱਸਥਾ ਬੜੀ ਮਸਤਾਨੀ ਸੀ। ਹਰ ਵੇਲੇ ਜਦੋਂ ਕੁਝ ਸੁਨਣ ਵਿੱਚ ਆਉਣਾ ਜਾਂ ਤਾਂ ਜਪੁਜੀ ਸਾਹਿਬ ਦੇ ਪਾਠ ਦੀ ਅਵਾਜ਼ ਸੁਨਣੀ। ਜਾਂ ਧੰਨ ਗੁਰੂ ਨਾਨਕ ਦੀ ਇਸ ਤੋਂ ਬਿਨਾਂ ਕੋਈ ਦੁਨਿਆਵੀਂ ਗੱਲ ਇਨ੍ਹਾਂ ਤੋਂ ਨਹੀਂ ਸੀ ਸੁਣੀ। ਕਿਸੇ ਵਕਤ ਇਨ੍ਹਾਂ ਦੋਹਾਂ ਨੂੰ ਬਾਬਾ ਜੀ ਨੇ ਕਦੇ ਨਾ ਕਦੇ ਆਪਣੇ ਕੋਲ ਬੁਲਾਉਣਾ, ਤਾਂ ਇਨ੍ਹਾਂ ਨੇ ਆਪ ਬੀਤੀ ਕੋਈ ਗੱਲ ਕਰਨੀ, ਨਹੀਂ ਤਾਂ ਚੁੱਪ ਰਹਿਣਾ।

**ਕਹੁ ਕਬੀਰ ਗੂੰਗੈ ਗੁੜੁ ਖਾਇਆ ਪੂਛੈ ਤੇ ਕਿਆ ਕਹੀਐ।**

(ਅੰਗ ੩੩੪)

ਇਕ ਦਿਨ ਸਾਰੀ ਸੰਗਤ ਵਿੱਚ ਬੈਠੇ ਹੋਇਆ ਹੀ ਬਾਬਾ ਮਹਾਂ ਹਰਿਨਾਮ ਸਿੰਘ ਜੀ ਨੇ, ਇਹਨਾਂ ਦੋਵੇਂ ਸੇਠਾਂ ਨੂੰ ਆਪਣੀ ਹਾਜ਼ਰੀ ਵਿੱਚ ਬੁਲਾਕੇ ਹੁਕਮ ਕੀਤਾ "ਆਪਣੀ ਸਾਰੀ ਕਹਾਣੀ ਸੁਣਾਓ।" ਇਹ ਇਸ਼ਾਰਾ ਉਸ ਹਕੀਕਤ ਵੱਲ ਸੀ ਜਿਸ ਬਹਾਨੇ ਭੁੱਚੋ ਆਉਣਾ ਹੋਇਆ। ਇਥੇ ਜੋ ਪ੍ਰਸੰਗ ਇਨ੍ਹਾਂ ਨੇ ਸੁਣਾਇਆ ਓਹ ਪਿੱਛੇ ਮੁੱਢ ਵਿੱਚ ਹੀ ਲਿਖ ਦਿੱਤਾ ਹੈ। ਸਾਰਾ ਪ੍ਰਸੰਗ ਸੁਨਣ ਉਪਰੰਤ ਬਾਬਾ ਜੀ ਨੇ ਹੁਕਮ ਕੀਤਾ "ਤੁਹਾਡਾ ਕੰਮ ਸ਼ੁੱਧ ਹੈ। ਹੁਣ ਘਰ ਜਾਓ। ਨਾਲੇ ਆਪਣੀ ਕਿਰਤ ਕਰੋ ਅਤੇ ਨਾਮ ਜਪੋ। ਇਹ ਵਿਘਨ ਜੇ ਤੁਹਾਡੇ ਕੰਮ ਵਿੱਚ ਨਾ ਪੈਂਦਾ ਤਾਂ ਤੁਸੀਂ ਮੋਹ ਮਾਇਆ ਵਿੱਚ ਪੈ ਜਾਣਾ ਸੀ। ਤੁਹਾਨੂੰ ਗੁਰੂ ਨਾਨਕ ਸਾਹਿਬ ਨੇ ਆਪ ਸਭ ਕੁਝ ਭਾਣਾ ਵਰਤਾ ਕੇ ਸਿਧੇ ਰਾਹ ਤੇ ਲਿਆਂਦਾ ਹੈ"। ਨਾਲ ਹੀ ਹੁਕਮ ਕੀਤਾ "ਉਸ ਅੰਗਰੇਜ਼ ਜੱਜ ਦੇ ਨਾਲ, ਤੁਸੀਂ ਨਹੀਂ ਆਉਣਾ। ਤੁਸੀਂ ਦੁਨਿਆਵੀਂ ਇਛਾ ਤੋਂ ਰਹਿਤ ਹੋ ਤੇ ਓਹ ਦੁਨਿਆਵੀਂ ਮੰਗਾ ਦੀ ਪੰਡ ਬੰਨ੍ਹੀ ਫਿਰਦਾ ਹੈ"। ਉਪਰੰਤ ਦੋਹਾਂ ਨੂੰ ਆਗਿਆ ਦੇ ਕੇ ਵਿਦਾਅ ਕੀਤਾ। ਭਾਈ ਨੀਲਾ ਸਿੰਘ ਤੇ ਭਾਈ ਰਤਨ ਸਿੰਘ ਡਰੋਲੀ ਉਹਨਾਂ ਨੂੰ ਬਠਿੰਡੇ ਤਕ ਛੱਡਣ ਲਈ ਨਾਲ ਭੇਜੇ।

## ਕੁੰਡਲੀਆਂ

**ਸ੍ਰੀ ਸੰਤ ਮਹਾਂ ਹਰਿਨਾਮ ਸਿੰਘ ਜੋੜ ਹਾਥ ਪਰਨਾਮ॥**
**ਨਾਮ ਦਾਨ ਕਿਹੋ ਦਾਸ ਨੂੰ ਕਰੋ ਸਰਬ ਕਲਿਆਨ॥**
**ਕਰੋ ਸਰਬ ਕਲਿਆਣ ਦਾਸ ਨੂੰ ਚਰਨੀ ਲਾਵੋ॥**
**ਜਨਮ ਸਫਲ ਮੈਂ ਕਰਨ ਕੋ ਪ੍ਰਭ ਤੇਰੀ ਉਸਤਤ ਕਰੀ॥**
**ਪਰਮ ਪੁਰਤਾਨ ਮਹਾਂਪੁਰਖ ਪਰਮ ਜੋਤ ਪਰਮੇਸਰੀ॥**

# ਪਿਛਲੇ ਗੁਨਹ ਸਤਿਗੁਰੁ ਬਖਸਿ ਲਏ
# ਸਤਿ ਸੰਗਤਿ ਨਾਲਿ ਰਲਾਵੈ ॥

(ਅੰਗ ੯੫੫)

ਹੱਥ ਵਿੱਚ ਕਲਮ ਹੋਵੇ, ਆਪਣੀ ਕੌਮ ਦੀ ਹਕੂਮਤ ਹੋਵੇ, ਦੂਸਰੀ ਕੌਮ ਉਪਰ ਜ਼ੋਰ ਨੂੰ ਜ਼ੁਲਮ ਕਰਨ ਤੋਂ ਫਿਰ ਨਿਰੰਕਾਰ ਹੀ ਬਚਾ ਸਕਦਾ ਹੈ, ਅਤੇ ਜਾਂ ਫਿਰ ਆਪਣੇ ਅੰਦਰ ਹੀ ਧਰਮ ਦਾ ਨਿਆ ਕਰਨ ਦੀ ਇੱਛਾ ਹੋਵੇ। ਨਹੀਂ ਤਾਂ ਇਨਸਾਨ ਡੋਲ ਜਾਂਦਾ ਹੈ। ਪਿਛਲੇ ਪ੍ਰਸੰਗ ਦਾ ਅਗਲਾ ਹਿੱਸਾ ਇਸ ਤਰ੍ਹਾਂ ਹੈ। ਜਦੋਂ ਤੋਂ ਸਿੰਧੀ ਸੇਠਾਂ ਨੂੰ ਅੰਗਰੇਜ਼ ਸੈਸ਼ਨ ਜੱਜ ਨੇ ਬਰੀ ਕਰ ਦਿੱਤਾ। ਪਰੰਤੂ ਜੋ ਉਸਨੇ ਤਿੰਨ ਵਾਰੀ ਦ੍ਰਿਸ਼ਟਾਂਤ ਵੇਖਿਆ ਦੋ ਵਾਰ ਤਾਂ ਸੁਪਨੇ ਵਿੱਚ ਇੱਕ ਵਾਰ ਪ੍ਰਤੱਖ ਹੀ ਵੇਖ ਕੇ ਉਸ ਦਾ ਮਨ ਪ੍ਰੇਰਿਆ ਗਿਆ। ਸਿੰਧੀ ਸੇਠ ਤਾਂ ਹੁਕਮ ਅਨੁਸਾਰ ਉਸੇ ਵੇਲੇ ਦਰਸ਼ਨ ਕਰਨ ਗਏ ਸਨ। (ਪੜ੍ਹ ਚੁੱਕੇ ਹੋ) ਇਸ ਅੰਗਰੇਜ਼ ਸੈਸ਼ਨ ਜੱਜ ਨੇ ਲਾਹੌਰ ਤੋਂ ਕਿਸੇ ਬੰਦੇ ਰਾਹੀ ਪਟਿਆਲੇ ਇੱਕ ਸਰਕਾਰੀ ਕਰਮਚਾਰੀ ਦੇ ਨਾਲ ਰਲ ਕੇ ਭੁੱਚੋਂ ਪਹੁੰਚਣ ਦੀ ਵਿਉਂਤ ਬਣਾਈ। ਇੱਕ ਲਾਹੌਰ ਤੋਂ ਆਪਣਾ ਬੰਦਾ ਨਾਲ ਲੈ ਕੇ, ਪਟਿਆਲੇ ਤੋਂ ਇੱਕ ਕਰਮਚਾਰੀ ਨੂੰ ਨਾਲ ਲੈ ਕੇ ਬਾਬਾ ਜੀ ਦੇ ਹਜ਼ੂਰ ਪਹੁੰਚ ਕੇ ਦਰਸ਼ਨ ਕਰਨ ਦੀ ਇੱਛਾ ਜ਼ਾਹਰ ਕੀਤੀ। ਹਜ਼ੂਰ ਨੇ ਆਗਿਆ ਦਿੱਤੀ। ਉਪਰੰਤ ਅੰਗਰੇਜ਼ ਜੱਜ ਰਹਿਤ ਬਹਿਤ ਤੱਕ ਕੇ ਇੱਕ ਵਾਰੀ ਸੋਚਾਂ ਵਿੱਚ ਪੈ ਗਿਆ। ਅੰਤਰਜਾਮੀ ਹਜ਼ੂਰ ਨੇ ਇਸ ਨੂੰ ਸੰਬੋਧਨ ਕਰਕੇ ਬਚਨ ਕੀਤਾ। "ਸਾਡੀ ਰਹਿਣੀ ਬਹਿਣੀ ਵੱਲ ਨਾ ਵੇਖ। ਤੂੰ ਆਪਣੇ ਮਤਲਬ ਦੀ ਗੱਲ ਕਰ।" ਜਿਸ ਸਮੇਂ ਇਸਨੇ ਬਚਨ ਸੁਣਿਆ ਤੇ ਸਮਝਿਆ ਅਵਾਜ਼ ਵੀ ਉਹੀ ਹੈ ਜਿਹੜੀ ਕਿ ਸੁਪਨੇ ਵਿੱਚ ਅਤੇ ਪ੍ਰਤੱਖ ਸੁਣੀ ਸੀ। ਮਨ ਨੂੰ ਯਕੀਨ ਆ ਗਿਆ। ਉਪਰੰਤ ਸਿਰ ਨਿਵਾਕੇ ਮੱਥਾ ਟੇਕਿਆ। ਬੜੀ ਨਿਮਰਤਾ ਨਾਲ ਆਪਣੀ ਪਿਛਲੀ ਗਲਤੀ ਦੀ ਭੁੱਲ ਮੰਗੀ। ਉਪਰੰਤ ਔਲਾਦ ਦੀ ਮੰਗ ਕੀਤੀ ਬਾਬਾ ਜੀ ਨੇ ਪੁੱਛਿਆ "ਸ਼ਰਾਬ ਪੀਂਦਾ ਹੈ। ਮਾਸ ਖਾਂਦਾ ਹੈ। ਇਹ ਸਭ ਕੁਝ ਛੱਡ ਕੇ ਪ੍ਰਮੇਸ਼ਰ ਦੀ

ਬੰਦਗੀ ਕਰਿਆ ਕਰ ਜੋਰ ਜ਼ੁਲਮ ਨਾ ਕਰਿਆ ਕਰ। ਤੇਰੇ ਔਲਾਦ ਵੀ ਹੋ ਜਾਵੇਗੀ। ਉਨ੍ਹਾਂ ਸਿੰਧੀ ਭਗਤਾਂ ਦੀ ਸੰਗਤ ਕਰਿਆ ਕਰ"। ਉਪਰੰਤ ਕਈ ਹੋਰ ਵੀ ਬਚਨ ਕਰਕੇ ਉਸਨੂੰ ਤੋਰਿਆ।

ਇਹ ਪ੍ਰਸੰਗ ਮਾਤਾ ਪਿਤਾ ਪਾਸੋਂ ਸੁਣਿਆਂ।

## ਹਰਿ ਕੀ ਭਗਤਿ ਮੁਕਤਿ ਬਹੁ ਕਰੇ ॥
## ਨਾਨਕ ਜਨ ਸੰਗਿ ਕੇਤੇ ਤਰੇ"

(ਅੰਗ ੨੬੫)

ਬਾਬਾ ਮਹਾਂ ਹਰਿਨਾਮ ਸਿੰਘ ਜੀ ਦੀ ਸੰਗਤ ਅਤੇ ਸੇਵਾ ਜਿਸਨੇ ਵੀ ਕੀਤੀ ਸਭ ਦਾ ਬੇੜਾ ਪਾਰ ਹੋ ਗਿਆ।

**ਜੋ ਜੋ ਸਰਣਿ ਪਰੈ ਸਾਧੂ ਕੀ ਸੋ ਪਾਰਗਰਾਮੀ ਕੀਆਂ"**

(ਅੰਗ ੬੧੦)

ਧਨੌਲੇ ਨਗਰ ਦੇ ਰਹਿਣ ਵਾਲਾ ਗੁਰਮੁਖ ਭਾਈ ਕਿਸ਼ਨ ਸਿੰਘ ਸੀ। ਇਸ ਦੇ ਪਿਤਾ ਦਾ ਨਾਮ ਦਲ ਸਿੰਘ ਸੀ। ਦੋ ਵੱਡੇ ਭਰਾ ਮੱਸਾ ਸਿੰਘ ਅਤੇ ਜੱਸਾ ਸਿੰਘ ਸਨ। ਇਹ ਦੋਵੇਂ ਭਰਾ ਸੰਸਾਰਕ ਕੰਮਾਂ ਵਿੱਚ ਰੁਚੀ ਰੱਖਦੇ ਸਨ। ਛੋਟਾ ਭਾਈ ਕਿਸ਼ਨ ਸਿੰਘ ਸਾਧੂ ਸੁਭਾਅ ਵਾਲਾ ਬੰਦਾ ਸੀ। ਜਿਵੇਂ ਬਾਣੀ ਵਿੱਚ ਸਾਹਿਬ ਨੇ ਫੁਰਮਾਇਆ ਹੈ.

**ਭਗਤਾ ਤੈ ਸੈਸਾਰੀਆ ਜੋੜੁ ਕਦੇ ਨ ਆਇਆ॥** *(ਅੰਗ ੧੪੫)*

ਇਸ ਬਚਨ ਅਨੁਸਾਰ ਭਾਈ ਕਿਸ਼ਨ ਸਿੰਘ ਦੀ ਵੀ ਵੱਡੇ ਭਰਾਵਾਂ ਨਾਲ ਬਣਦੀ ਨਹੀਂ ਸੀ। ਇੱਕ ਦਿਨ ਭਾਈ ਕਿਸ਼ਨ ਸਿੰਘ ਘਰੋਂ ਉਪਰਾਮ ਹੋ ਕੇ ਨਗਰ ਤੁੰਗਵਾਲੀ ਆ ਗਿਆ। ਇਥੇ ਇਨ੍ਹਾਂ ਦੀ ਭੂਆ ਸੀ। ਉਪਰੰਤ ਜਿਸ ਮਾਲਾ ਦਾ ਮਣਕਾ ਸੀ ਉਸ ਮਾਲਾ ਵਿੱਚ ਪਰੋਇਆ ਗਿਆ।

ਇਥੋਂ ਬਾਬਾ ਮਹਾਂ ਹਰਿਨਾਮ ਸਿੰਘ ਜੀ ਦੀਆਂ ਸਿਫਤਾਂ ਸੁਣ ਸੁਣ ਕੇ ਬਾਬਾ ਜੀ ਪਾਸ ਭੁੱਚੋਂ ਆ ਗਿਆ ਫਿਰ ਕੀ ਸੀ ਬਾਬਾ ਜੀ ਦੀ ਸੇਵਾ ਨੇ ਰੰਗ ਲਾਇਆ। ਕਈ ਸਾਲ ਘਾਲਣਾ ਘਾਲੀ। ਇੱਕ ਦਿਨ ਬਾਬਾ ਜੀ

ਕਿਸ਼ਨ ਸਿੰਘ ਨੂੰ ਲੈ ਕੇ ਡੇਰੇ ਤੋਂ ਕੁਝ ਦੂਰ ਗਏ। ਰਸਤੇ ਵਿੱਚ ਇੱਕ ਦਰੱਖਤ ਕੋਲ ਕਿਸ਼ਨ ਸਿੰਘ ਨੂੰ ਹੁਕਮ ਨਾਲ ਖੜਾ ਕਰਕੇ ਬਾਬਾ ਜੀ ਅੱਗੇ ਲੰਘ ਗਏ। ਅੱਗੇ ਨੂੰ ਗਏ ਤਾਂ ਬਾਬਾ ਜੀ ਸਨ। ਪਰ ਕਿਸ਼ਨ ਸਿੰਘ ਕੀ ਵੇਖਦਾ ਹੈ ਕਿ ਅੱਗੇ ਚਿੱਟੇ ਰੰਗ ਦਾ ਸ਼ੇਰ ਭਬਕਾ ਮਾਰਦਾ ਆ ਰਿਹਾ ਹੈ। ਕਿਸ਼ਨ ਸਿੰਘ ਡਰ ਕੇ ਉਸ ਦਰਖੱਤ ਤੇ ਜਿਸ ਦੇ ਕੋਲ ਬਾਬਾ ਜੀ ਇਸਨੂੰ ਖੜਾ ਕਰ ਗਏ ਸਨ। ਉੱਪਰ ਚੜ੍ਹਨ ਲੱਗਾ ਹੀ ਸੀ। ਕਿ ਉਧਰੋਂ ਬਾਬਾ ਜੀ ਆ ਗਏ ਤੇ ਹਸਕੇ ਬਚਨ ਕੀਤਾ "ਕਿਸ਼ਨ ਸਿੰਘ ਕੀ ਹੋ ਗਿਆ, ਅੱਗੋਂ ਕਿਸ਼ਨ ਸਿੰਘ ਨੇ ਬੇਨਤੀ ਕੀਤੀ "ਮਹਾਰਾਜ ਸ਼ੇਰ ਆ ਗਿਆ ਸੀ ਮੈਨੂੰ ਤਾਂ ਉਸਨੇ ਮਾਰ ਹੀ ਦੇਣਾ ਸੀ। ਤੇ ਮਹਾਰਾਜ ਤੁਹਾਡੇ ਆਉਣ ਦੀ ਦੇਰ ਸੀ ਹੁਣ ਤਾਂ ਇਥੇ ਕੁਝ ਵੀ ਨਹੀਂ ਹੈ।" ਅੱਗੋਂ ਬਾਬਾ ਜੀ ਨੇ ਬਚਨ ਕੀਤਾ ਇਹ ਤਾਂ ਨਰ ਸਿੰਘ ਅਵਤਾਰ ਦਾ ਰੂਪ ਸੀ ਜਿਨ੍ਹਾਂ ਨੇ ਤੈਨੂੰ ਦਰਸ਼ਨ ਦੇ ਕੇ ਤਾਕਤਾਂ ਬਖਸ਼ ਦਿੱਤੀਆਂ ਹਨ।" ਉਪਰੰਤ ਕਿਸ਼ਨ ਸਿੰਘ ਨੇ ਬਾਬਾ ਜੀ ਦੇ ਚਰਨਾਂ ਉੱਪਰ ਮੱਥਾ ਟੇਕਿਆ ਬਾਬਾ ਜੀ ਨੇ ਬਚਨ ਕੀਤਾ "ਤੇਰੀ ਕਮਾਈ ਸਫਲ ਹੋ ਗਈ। ਘਾਲ ਥਾਂ ਪੈ ਗਈ ਹੈ।

## ਆਪੇ ਆਪਿ ਸਗਲ ਮਹਿ ਆਪਿ ॥
## ਅਨਿਕ ਜੁਗਤਿ ਰਚਿ ਥਾਪਿ ਉਥਾਪਿ ॥

(ਅੰਗ ੨੮੨)

ਦਸਾਂ ਪਾਤਸ਼ਾਹੀਆਂ ਦਾ ਇਤਿਹਾਸ ਪੜ੍ਹੀਏ ਤਾਂ ਪਤਾ ਲੱਗਦਾ ਹੈ ਕਿ ਜਿਸ ਵੀ ਸਿੱਖ ਉੱਤੇ ਸਤਿਗੁਰਾਂ ਨੇ ਕ੍ਰਿਪਾ ਦ੍ਰਿਸ਼ਟੀ ਕੀਤੀ ਉਸੇ ਨੂੰ ਹੀ ਕਿਸੇ ਬਾਹਰਲੇ ਇਲਾਕੇ ਵਿੱਚ ਗੁਰੂ ਸਿੱਖੀ ਦਾ ਪ੍ਰਚਾਰਕ ਬਣਾ ਕੇ ਭੇਜਿਆ, ਭਾਈ ਮੰਝ ਦੁਆਬੇ ਵਿਚ, ਭਾਈ ਬਹਿਲੋਂ ਅਤੇ ਭਾਈ ਭਗਤੂ ਮਾਲਵੇ ਵਿੱਚ ਸਾਰੀਆਂ ਬਖਸ਼ੀਸ਼ਾਂ ਦੇ ਕੇ ਅੱਡੋ ਅੱਡ ਅਸਥਾਨਾਂ ਉੱਤੇ ਬਿਠਾਏ, ਗੁਰੂ ਅਮਰਦਾਸ ਜੀ ਨੇ ਬਾਈ ਮੰਜੀਆਂ ਕਾਇਮ ਕੀਤੀਆਂ। ਕੁਝ ਦਿਨਾਂ ਵਿੱਚ

ਇੱਕ ਪ੍ਰੇਮੀ ਬਿਆਸਾ ਦੇ ਇਲਾਕੇ ਵਿੱਚੋਂ ਬਾਬਾ ਜੀ ਦੇ ਦਰਸ਼ਨ ਕਰਨ ਆਇਆ ਅਤੇ ਅੱਗੇ ਵੀ ਸ਼ਰਧਾਲੂ ਹੋਣ ਕਰਕੇ ਦਰਸ਼ਨ ਕਰਨ ਆ ਜਾਂਦਾ ਸੀ। ਉਸ ਨੇ ਇੱਕ ਵਾਰ ਬਾਬਾ ਜੀ ਪਾਸ ਔਲਾਦ ਵਾਸਤੇ ਬੇਨਤੀ ਕੀਤੀ ਕਿ ਮਹਾਰਾਜ ਕ੍ਰਿਪਾ ਕਰੋ ਮੇਰੇ ਘਰ ਪੁੱਤਰ ਹੋ ਜਾਏ। ਉਪਰੰਤ ਸ੍ਰੀ ਬਾਬਾ ਮਹਾਂ ਹਰਿਨਾਮ ਸਿੰਘ ਜੀ ਨੇ ਕਿਸ਼ਨ ਸਿੰਘ ਵੱਲ ਇਸ਼ਾਰਾ ਕਰਕੇ ਬਚਨ ਕੀਤਾ "ਇਸਨੂੰ ਆਪਣੇ ਪਿੰਡ ਲੈ ਜਾਓ ਇਸਦੀ ਸੇਵਾ ਕਰੋ। ਇੱਕ ਪੁੱਤਰ ਕੀ ਕਈ ਹੋ ਜਾਣਗੇ। ਇਸ ਬਚਨ ਨੂੰ ਕਿਸ਼ਨ ਸਿੰਘ ਅਤੇ ਆਉਣ ਵਾਲੇ ਪ੍ਰੇਮੀ ਨੇ "ਸਤਿ ਬਚਨ ਸਾਧੂ ਉਪਦੇਸ਼, ਸਤ ਕਰਕੇ ਮੰਨਿਆ, ਜਾਣ ਸਮੇਂ ਕਿਸ਼ਨ ਸਿੰਘ ਨੂੰ ਬਚਨ ਕੀਤਾ ਮਾਨ, ਮੋਹ, ਮੇਰਾ-ਤੇਰਾ ਦੇ ਝਗੜੇ ਵਿੱਚ ਨਹੀਂ ਆਉਣਾ। ਸਾਰੀਆਂ ਬਰਕਤਾਂ ਗੁਰੂ ਨਾਨਕ ਦੀ ਕ੍ਰਿਪਾ ਨਾਲ ਤੇਰੇ ਕੋਲ ਰਹਿਣਗੀਆਂ। ਉਪਰੰਤ ਸੰਤ ਕਿਸ਼ਨ ਸਿੰਘ ਜੀ ਇਸਦੇ ਨਾਲ ਉਸ ਪ੍ਰੇਮੀ ਦੇ ਨਗਰ ਗਏ। ਉਥੇ ਅਸਥਾਨ ਉੱਤੇ ਆਸਣ ਲਾਇਆ। ਉਸ ਪ੍ਰੇਮੀ ਦੇ ਘਰ ਔਲਾਦ ਵੀ ਹੋ ਗਈ ਕਿਸੇ ਸਮੇਂ ਸੰਤ ਕਿਸ਼ਨ ਸਿੰਘ ਦਾ ਭਰਾ ਮੱਸਾ ਸਿੰਘ ਉਨ੍ਹਾਂ ਨੂੰ ਮਿਲਣ ਗਿਆ ਉਪਰੰਤ ਸੰਤ ਕਿਸ਼ਨ ਸਿੰਘ ਦਾ ਠਾਠ ਬਾਠ ਵੇਖਕੇ ਹੈਰਾਨ ਵੀ ਹੋਇਆ ਅਤੇ ਖ਼ੁਸ਼ ਵੀ। ਫਿਰ ਕਿਸੇ ਸਮੇਂ ਮੱਸਾ ਸਿੰਘ ਨੇ ਸੰਤ ਕਿਸ਼ਨ ਸਿੰਘ ਪਾਸੋਂ ਕੁਝ ਮਾਇਆ ਦੀ ਮੰਗ ਕੀਤੀ। ਅੱਗੋਂ ਕਿਸ਼ਨ ਸਿੰਘ ਨੇ ਕਿਹਾ ਜਿਹੜੀ ਮਾਇਆ ਮੇਰੇ ਕੋਲ ਹੈ ਜਾਂ ਆ ਰਹੀ ਹੈ ਇਹ ਤਾਂ ਸ੍ਰੀ ਬਾਬਾ ਮਹਾਂ ਹਰਿਨਾਮ ਸਿੰਘ ਜੀ ਦੀ ਮੇਹਰ ਦੇ ਸਦਕੇ ਹੈ ਤੇ ਸੰਗਤਾਂ ਦੀ ਸੇਵਾ ਵਾਸਤੇ ਹੈ। ਉਨ੍ਹਾਂ ਨੇ ਦਿੱਤੀ ਹੈ। ਇਹ ਨਾ ਤੁਹਾਡੀ ਹੈ, ਨਾ ਮੇਰੀ ਹੈ। ਨਾ ਮੈਂ ਤੁਹਾਨੂੰ ਦੇ ਸਕਦਾ ਹਾਂ ਜੇ ਤੁਸੀਂ ਮੰਗਣਾ ਹੀ ਹੈ ਤਾਂ ਬਾਬਾ ਜੀ ਤੋਂ ਉਨ੍ਹਾਂ ਦੀ ਮੇਹਰ ਮੰਗੋਂ ਉਪਰੰਤ ਸੰਤ ਕਿਸ਼ਨ ਸਿੰਘ ਨੇ ਮੱਸਾ ਸਿੰਘ ਭਾਈ ਨੂੰ ਮੋੜ ਦਿੱਤਾ ਫਿਰ ਵੀ ਮੇਲਾ ਗੇਲਾ ਬਣਿਆ ਰਿਹਾ।

**ਮਾਇਆ ਮਹਿ ਜਿਸੁ ਰਖੈ ਉਦਾਸੁ।**
**ਕਹਿ ਕਬੀਰ ਹਉ ਤਾ ਕੋ ਦਾਸੁ॥**

(ਅੰਗ ੧੧੫੭)

## ਅੰਧੁਲੇ ਟਿਕ ਨਿਰਧਨ ਧਨੁ ਪਾਇਓ
## ਪ੍ਰਭ ਨਾਨਕ ਅਨਿਕ ਗੁਨੀ ॥

ਮਹਾਂ ਪੁਰਖਾਂ ਕੋਲ ਰਹਿਣਾ ਅਤੇ ਉਨ੍ਹਾਂ ਦੇ ਦਰਸ਼ਨ ਕਰਨੇ ਹੀ ਮਹਾਨ ਪੁੰਨ ਹਨ। ਵੱਡੀ ਸਿਫਤ ਹੁਕਮ ਮੰਨਣ ਵਾਲੀ ਹੈ । ਹੁਕਮ ਮੰਨਣ ਵਾਲਾ ਹੀ ਪਰਵਾਨ ਹੁੰਦਾ ਹੈ। ਗੁਰਵਾਕ –

**"ਹੁਕਮਿ ਮੰਨਿਐ ਹੋਵੈ ਪਰਵਾਣੁ ਤਾ ਖਸਮੈ ਕਾ ਮਹਲੁ ਪਾਇਸੀ"**

ਇਸੇ ਤਰ੍ਹਾਂ ਇਹ ਬਚਨ ਭਾਗੀ ਵਾਂਦਰ ਵਾਲੇ ਸਾਰੇ ਸੱਤ ਭਰਾਵਾਂ ਉੱਪਰ ਜੱਚਦਾ ਹੈ। ਜਿਨ੍ਹਾਂ ਸਮਾਂ ਬਾਬਾ ਜੀ ਸਰੀਰ ਕਰਕੇ ਸੰਸਾਰ ਵਿੱਚ ਰਹੇ ਸਾਰੇ ਭਰਾਵਾਂ ਵਿੱਚੋਂ ਇੱਕ ਨੂੰ ਜ਼ਰੂਰ ਆਪਣੇ ਕੋਲ ਰੱਖਿਆ। ਇੱਕ ਵਾਰ ਹਾੜੀ ਦੇ ਮੌਸਮ ਸਮੇਂ ਇੱਕ ਭਰਾ ਦੂਜੇ ਨੂੰ ਲੈਣ ਆਇਆ। ਆਉਣ ਸਮੇਂ ਆਪਣਾ ਊਠ ਨਾਲ ਲੈ ਆਇਆ ਕਿ ਜਲਦੀ ਮੁੜ ਆਵਾਂਗੇ। ਫਿਰ ਹਾੜੀ ਵਢਾਂਗੇ। ਜਿਸ ਸਮੇਂ ਬਾਬਾ ਜੀ ਕੋਲੋਂ ਆਪਣੇ ਭਰਾ ਨੂੰ ਨਾਲ ਲੈ ਜਾਣ ਦੀ ਆਗਿਆ ਮੰਗੀ ਹਜ਼ੂਰ ਨੇ ਬਚਨ ਕੀਤਾ "ਕਿਸ ਸਵਾਰੀ ਉੱਤੇ ਚੜ੍ਹ ਕੇ ਆਇਆ ਅੱਗੋਂ ਬੇਨਤੀ ਕੀਤੀ ਕਿ ਜੀ ਉਹ ਤਾਂ ਊਠ ਤੇ ਚੜ੍ਹ ਕੇ ਮੈਨੂੰ ਲੈਣ ਆਇਆ ਹੈ। ਅੱਗੋਂ ਪੈਸੇ ਫੜਾ ਕੇ ਬਚਨ ਕੀਤਾ "ਇਕ ਰੁਪਈਏ ਦੀ ਊਠ ਨੂੰ ਕੰਡ ਪਾ ਕੇ ਵਣ ਹੇਠ ਬੰਨ ਦਿਓ। ਦੂਜੇ ਵਣ ਹੇਠ ਤੁਸੀਂ ਬੈਠ ਜਾਓ।" ਹੁਕਮ ਅਨੁਸਾਰ ਉਨ੍ਹਾਂ ਨੇ ਇਵੇਂ ਹੀ ਕੀਤਾ। ਕੁਝ ਦਿਨ ਉਪਰੰਤ ਤੀਜਾ ਭਰਾ ਆ ਗਿਆ। ਇਸ ਤਰ੍ਹਾਂ ਹੌਲੀ-ਹੌਲੀ ਸਾਰੇ ਭਰਾ ਹੀ ਇਥੇ ਇਕੱਠੇ ਕਰ ਲਏ ਇਸ ਸਮੇਂ ਹਾੜੀ ਵੱਢ ਕੇ ਦਾਣੇ ਕੱਢ ਵੀ ਲੈਣੇ ਸੀ। ਤਕਰੀਬਨ ਚਾਲੀ ਦਿਨ ਬੀਤਣ ਉਪਰੰਤ ਫਿਰ ਵੀ ਇੱਕ ਭਰਾ ਨੂੰ ਕੋਲ ਰੱਖ ਕੇ ਦੂਜੇ ਸਾਰਿਆ ਨੂੰ ਆਗਿਆ ਦਿੱਤੀ ਇਹ ਗੁਰਮੁਖ ਪਰਿਵਾਰ ਵੀ ਐਸਾ ਸਤਿਬਚਨ ਦਾ ਅਧਿਕਾਰੀ ਸੀ ਕਦੇ ਹੁਕਮ ਨਹੀਂ ਸੀ ਮੋੜਦੇ।

2) ਐਸਾ ਹੀ ਇੱਕ ਗੁਰਮੁੱਖ ਪਰਿਵਾਰ ਨਗਰ ਤੁੰਗਵਾਲੀ ਤੋਂ ਸੀ।

ਇਸ ਬਜ਼ੁਰਗ ਦਾ ਨਾਮ ਭਾਈ ਮੰਗਲ ਸਿੰਘ ਸੀ। ਪਹਿਲਾਂ ਮੰਗਲ ਸਿੰਘ ਨੇ ਆ ਜਾਣਾ, ਦੋ ਕੁ ਦਿਨਾਂ ਬਾਅਦ ਇਸਦੇ ਘਰ ਵਾਲੀ ਨੇ ਆ ਜਾਣਾ, ਪਿਛੋਂ ਲੜਕਾ ਫਿਰ ਦੂਜਾ, ਫਿਰ ਸਭ ਤੋਂ ਛੋਟਾ ਮੁਕੰਦ ਸਿੰਘ ਜਿਸਦਾ ਨਾਮ ਸੀ ਉਸ ਨੇ ਆ ਜਾਣਾ। ਉਪਰੰਤ ਬਾਬਾ ਜੀ ਨੇ ਬੜੇ ਪ੍ਰਸੰਨ ਹੋਣਾ ਅਤੇ ਬਚਨ ਕਰਨਾ ਇਹ ਮੰਗਲ ਸਿੰਘ ਪਿਛਲੇ ਜਨਮ ਤ੍ਰੇਤੇ ਜੁੱਗ ਵਿੱਚ ਬਾਲੀ ਦਾ ਪੁੱਤਰ ਅੰਗਦ ਸੀ। ਉਦੋਂ ਸਾਡੇ ਨਾਲ ਹੋ ਕੇ ਰਾਵਣ ਨਾਲ ਲੜਿਆ। ਉਸ ਸਮੇਂ ਤੋਂ ਸਾਡੇ ਨਾਲ ਆ ਰਿਹਾ ਹੈ। ਨਾ ਛੇਤੀ ਮੰਗਲ ਸਿੰਘ ਜੀ ਆਗਿਆ ਮੰਗਦੇ ਸਨ, ਨਾ ਬਾਬਾ ਜੀ ਤੋਰਦੇ ਸਨ।

ਇਹ ਪ੍ਰਸੰਗ ਮਾਤਾ ਪਿਤਾ ਤੋਂ ਮਿਲਿਆ।

## ਨਾਨਕ ਦੀਨ ਸਰਣਿ ਆਏ ਗਲਿ ਲਾਏ

ਨਿਆਸਰਿਆਂ ਦਾ ਆਸਰਾ ਗੁਰੂ ਨਾਨਕ ਦਾ ਘਰ ਹੈ। ਕਿਸ ਵੀ ਮਤ ਮਤਾਂਤਰ ਨੂੰ ਮੰਨਣ ਵਾਲਾ ਜੇ ਬਿਪਤਾ ਦੇ ਸਮੇਂ ਗੁਰੂ ਨਾਨਕ ਦੇ ਘਰ ਦੀ ਓਟ ਤਕਦਾ ਹੈ ਤਾਂ ਉਸਦੀ ਤਤਕਾਲ ਹੀ ਸਹਾਇਤਾ ਹੁੰਦੀ ਹੈ। ਗੁਰੂ ਘਰ ਵਿੱਚ ਐਸੇ ਅਨੇਕ ਹੀ ਪ੍ਰਸੰਗ ਹਨ। ਉਸੇ ਤਰ੍ਹਾਂ ਗੁਰੂ ਨਾਨਕ ਸਾਹਿਬ ਦੇ ਦੱਸ ਸਰੂਪ ਉਪਰੰਤ ਸਿੱਖ ਪੰਥ ਵਿੱਚ ਮਹਾਂਪੁਰਖ ਸਦਾ ਹੀ ਗੁਰੂ ਘਰ ਦੀ ਮਰਿਯਾਦਾ ਅਨੁਸਾਰ ਕਰਦੇ ਕਰਾਉਂਦੇ ਰਹੇ ਐਸਾ ਹੀ ਇੱਕ ਪ੍ਰਸੰਗ ਨੇਪਾਲ ਦੇ ਮਹਾਰਾਜੇ ਦਾ ਹੈ ਇੱਕ ਸਮੇਂ ਨੇਪਾਲ ਦੇ ਮਹਾਰਾਜੇ ਦੇ ਮੰਦਰ ਵਿੱਚ ਸ਼ਿਵ ਜੀ ਦੇ ਮੁਕਟ ਦਾ ਹੀਰਾ ਚੋਰੀ ਹੋ ਗਿਆ। ਇਸ ਮੰਦਰ ਵਿੱਚ ਪੁਜਾਰੀ ਜਾਂ ਮੌਜੂਦਾ ਮਹਾਰਾਜਾ ਹੀ ਜਾ ਸਕਦਾ ਸੀ। ਹੋਰ ਕਿਸੇ ਦਾ ਜਾਣਾ ਬੰਦ ਸੀ। ਹੀਰਾ ਚੋਰੀ ਹੋ ਗਿਆ, ਉਪਰੰਤ ਨੇਪਾਲ ਵਾਲੇ ਮਹਾਰਾਜੇ ਨੇ ਪੜਤਾਲ ਕੀਤੀ। ਹੀਰਾ ਨਾ ਮਿਲਣ ਕਰਕੇ ਕਈ ਬੇਕਸੂਰੇ ਸਾਧੂ, ਪੰਡਿਤ ਆਦਿਕ ਫੜੇ ਗਏ। ਉਪਰੰਤ ਕਈ ਮਤਾਂ ਦੇ ਸਾਧੂ ਮਿਲ ਕੇ ਉਦਾਸ ਹੋ ਕਰ ਕੇ ਨੇਪਾਲ ਤੋਂ ਪੰਜਾਬ ਨੂੰ ਚਲ ਪਏ। ਪਹਿਲਾ ਪੜਾਉ ਗੋਰਖ ਪੁਰ, ਫਿਰ ਮਥੁਰਾ, ਅੱਯੁਧਿਆ, ਆਦਿਕ ਜਗ੍ਹਾ ਉੱਤੇ ਪਹੁੰਚੇ। ਸਭ ਨੂੰ ਆਪਣੀ ਤਕਲੀਫ ਦੱਸੀ। ਨਾਲ ਹੀ ਇਸਦਾ ਉਪਾਅ ਪੁੱਛਿਆ ਕਿ ਕਿਵੇਂ ਇਹ

ਦੁੱਖ ਨਵਿਰਤ ਹੋਵੇ। ਸਭ ਨੇ ਜਵਾਬ ਦੇ ਦਿੱਤਾ ਤੇ ਕਿਹਾ ਕਿ ਰਾਜੇ ਨਾਲ ਕੌਣ ਮੱਥਾ ਲਾਵੇ। ਉਪਰੰਤ ਕੁਝ ਸਮਾਂ ਇਥੇ ਗੁਜਾਰ ਕੇ ਤੁਰਨ ਦੀ ਤਿਆਰੀ ਕਰਨ ਲੱਗੇ। ਅਚਾਨਕ ਇਥੇ ਪੰਜਾਬ ਦੀ ਸੰਤ ਮੰਡਲੀ ਪਹੁੰਚੀ। ਇੱਕ ਕਹਾਵਤ ਹੈ ਕਿ "ਜੇ ਕਿਸੇ ਨੂੰ ਦੁਖ ਹੋਵੇ ਤਾਂ ਉਹ ਕੋਠੇ ਉੱਤੇ ਚੜ੍ਹ ਕੇ ਦੁਖ ਦੱਸੇ। ਭਾਵ ਕਿ ਦੁਖ ਨੂੰ ਲੁੱਕਾ ਕੇ ਨਾ ਰਖੇ ਜਿਸ ਵਕਤ ਨੇਪਾਲ ਵਾਲੇ ਸਾਧੂਆਂ ਨੇ ਪੰਜਾਬੀ ਸੰਤਾਂ ਕੋਲ ਤਕਲੀਫ ਦੱਸੀ ਤਾਂ ਅੱਗੇ ਪੰਜਾਬ ਵਾਲਿਆਂ ਸੰਤਾਂ ਨੇ ਬਾਬਾ ਮਹਾਂ ਹਰਿਨਾਮ ਸਿੰਘ ਜੀ ਦੱਸ ਪਾ ਕੇ ਕਿਹਾ ਕਿ ਉਸ ਦੇ ਦਰ ਤੋਂ ਕੋਈ ਕਦੀ ਖਾਲੀ ਨਹੀਂ ਮੁੜਿਆ। ਉਪੰਰਤ ਸਰਬੱਤ ਸੰਤ ਬਾਬਾ ਜੀ ਵੱਲ ਨੂੰ ਚੱਲ ਪਏ। ਇਨ੍ਹਾਂ ਦਿਨਾਂ ਵਿੱਚ ਕੁਝ ਸਮੇਂ ਹਜ਼ੂਰ ਤੋਂ ਆਗਿਆ ਲੈ ਪੰਡਿਤ ਸ੍ਰੀ ਰਾਮ ਸਿੰਘ ਜੀ ਮਲੂਕੇ ਆਏ ਹੋਇ ਸਨ। ਲੇਖਕ ਦੇ ਪਿਤਾ ਅਤੇ ਮਾਤਾ ਉਸ ਸਮੇਂ ਹਾਜ਼ਰ ਸਨ ਉਹ ਦਸਦੇ ਹਨ ਕਿ ਅਚਾਨਕ ਬਾਬਾ ਜੀ ਨੇ ਸ਼ੇਰ ਸਿੰਘ ਭਾਗੀ ਵਾਂਦਰ ਵਾਲਾ ਜਿਸਨੂੰ ਹਜ਼ੂਰ ਕੌਡਾ ਰਾਕਸ਼ ਕਿਹਾ ਕਰਦੇ ਸਨ ਇਸ ਦੇ ਨਾਲ ਇੱਕ ਹੋਰ ਸੇਵਾਦਾਰ ਭੇਜ ਕੇ ਸੰਤ ਸ੍ਰੀ ਰਾਮ ਸਿੰਘ ਜੀ ਨੂੰ ਛੇਤੀ ਲੈ ਆਉਣ ਵਾਸਤੇ ਹੁਕਮ ਕਰਕੇ ਮਲੂਕੇ ਭੇਜ ਦਿੱਤਾ। ਸਵੇਰੇ ਤੁਰ ਕੇ ਸ਼ਾਮ ਨੂੰ ਹੁਕਮ ਅਨੁਸਾਰ ਪੰਡਿਤ ਸ੍ਰੀ ਰਾਮ ਸਿੰਘ ਜੀ ਨੂੰ ਲੈ ਆਏ ਪੰਡਿਤ ਜੀ ਨੇ ਹਜ਼ੂਰ ਪਾਸ ਪਹੁੰਚ ਕੇ ਨਮਸਕਾਰ ਕੀਤੀ। ਤਤਕਾਲ ਹੀ ਬਾਬਾ ਜੀ ਨੇ ਹੁਕਮ ਕੀਤਾ "ਇਸੇ ਵੇਲੇ ਹੀ ਬਠਿੰਡੇ ਪਹੁੰਚੋ। ਉਥੇ ਨੇਪਾਲ ਤੋਂ ਸਾਧੂ ਆ ਰਹੇ ਹਨ। ਉਨ੍ਹਾਂ ਨੂੰ ਲੈ ਆਓ ਸ੍ਰੀ ਰਾਮ ਸਿੰਘ ਜੀ ਨੇ ਸਤ ਬਚਨ ਕਹਿ ਕੇ ਤਿਆਰੀ ਕਰ ਲਈ ਤੁਰਨ ਸਮੇਂ ਬਾਬਾ ਜੀ ਨੇ ਬਚਨ ਕੀਤਾ ਉਨ੍ਹਾਂ ਦਾ ਆਗੂ ਕਮਾਲ ਦਾਸ ਨਾਂ ਦਾ ਸਾਧੂ ਹੈ। ਇਸੇ ਨਾਮ ਤੇ ਅਵਾਜ਼ ਦੇਣੀ, ਹੁਕਮ ਅਨੁਸਾਰ ਪੰਡਿਤ ਜੀ ਬਠਿੰਡੇ ਪਹੁੰਚ ਗਏ। ਗੱਡੀ ਆਉਣ ਉਪਰੰਤ ਸਾਧੂ ਉਤਰੇ ਜਿਨ੍ਹਾਂ ਦੀ ਗਿਣਤੀ 30-35 ਦੇ ਕਰੀਬ ਸੀ। ਫਿਰ ਬਾਬਾ ਜੀ ਦੇ ਹੁਕਮ ਅਨੁਸਾਰ ਪੰਡਿਤ ਜੀ ਨੇ ਕਮਾਲ ਦਾਸ ਦਾ ਨਾਮ ਲੈ ਕੇ ਅਵਾਜ਼ ਦਿੱਤੀ। ਸਾਧੂ ਕਮਾਲ ਦਾਸ ਦੇ ਨੇੜੇ ਆਉਣ ਤੇ ਪੰਡਿਤ ਜੀ ਨੇ ਦੱਸਿਆ ਕਿ ਅਸੀਂ ਬਾਬਾ ਮਹਾਂ ਹਰਿਨਾਮ ਸਿੰਘ ਜੀ ਦੇ ਭੇਜੇ ਹੋਏ ਹਾਂ। ਤੁਹਾਨੂੰ ਲੈਣ ਆਏ ਹਾਂ ਤੁਸੀਂ ਫਿਕਰ ਨਾ ਕਰੋ। ਉਪਰੰਤ ਸਾਰੇ ਸਾਧੂ ਹਾਜੀ ਰਤਨ ਗੁਰਦੁਆਰੇ ਪਹੁੰਚੇ। ਮੱਥਾ ਟੇਕਣ ਤੋਂ ਬਾਅਦ ਬਠਿੰਡੇ ਤੋਂ ਚੱਲ ਕੇ ਸਭ ਸਾਧੂ ਬਾਬਾ ਜੀ ਦੀ

ਹਜ਼ੂਰੀ ਵਿੱਚ ਪਹੁੰਚੇ ਅਤੇ ਨਮਸਕਾਰ ਕੀਤੀ। ਉਪਰੰਤ ਬਾਬਾ ਜੀ ਨੇ ਕਮਾਲ ਦਾਸ ਸਾਧੂ ਨੂੰ ਪੁੱਛਿਆ "ਤੁਹਾਡੇ ਨੇਪਾਲ ਦੇਸ਼ ਦਾ ਕੀ ਹਾਲ ਹੈ? ਅੱਗੋਂ ਸਾਧੂ ਕਮਾਲ ਦਾਸ ਨੇ "ਹੱਥ ਜੋੜ ਕੇ ਬੇਨਤੀ ਕੀਤੀ "ਮਹਾਰਾਜ, ਤੁਸੀਂ ਅੰਤਰਜਾਮੀ ਸਭ ਕੁਝ ਜਾਣਦੇ ਹੋ।"

**ਘਟ ਘਟ ਕੇ ਅੰਤਰ ਕੀ ਜਾਨਤ॥ ਭਲੇ ਬੁਰੇ ਕੀ ਪੀਰ ਪਛਾਨਤ॥**

ਤੁਸੀਂ ਪੁੱਛ ਹੀ ਲਇਆ ਹੈ ਤਾਂ ਬੇਨਤੀ ਕਰਦਾ ਹਾਂ ਰਾਜਾ ਬਹੁਤ ਦੁੱਖ ਦੇ ਰਿਹਾ ਹੈ। ਪਹਿਲੀ ਗੱਲ ਇਹ ਕਹਿੰਦਾ ਹੈ ਕਿ ਕੋਈ ਕਰਾਮਾਤ ਦਿਖਾਓ। ਜਾਂ ਫਿਰ ਜਿਸ ਮੱਤ ਨੂੰ ਮੈਂ ਮੰਨਦਾ ਹਾਂ ਉਸ ਮੱਤ ਵਿੱਚ ਆਓ। ਜੇ ਕੋਈ ਵੀ ਉਪਰਲੀਆਂ ਦੋਹਾਂ ਗੱਲਾਂ ਤੋਂ ਇਨਕਾਰ ਕਰ ਦੇਵੇ ਤਾਂ ਕੈਦ ਕਰ ਦਿੰਦਾ ਹੈ। ਉਪਰੰਤ ਉਸਨੇ ਬੇ-ਅੰਤ ਸਾਧੂ ਕੈਦ ਕੀਤੇ ਹੋਏ ਹਨ। ਅਸੀਂ ਬੜੀ ਮੁਸ਼ਕਿਲ ਨਾਲ ਭੱਜ ਕੇ ਆਏ ਹਾਂ ਹੁਣ ਕ੍ਰਿਪਾ ਕਰੋ।

**"ਸਰਨਿ ਤੇਰੀ ਰਖਿ ਲੇਹੁ ਮੇਰੀ ਸਰਬ ਮੈਂ ਨਿਰੰਜਨਾ"**

(ਅੰਗ ੫੪੭, ਬਿਹਾਗੜਾ ਮ: ੫ ਛੰਤ)

ਉਪਰੰਤ ਬਾਬਾ ਜੀ ਨੇ ਬਚਨ ਕੀਤਾ "ਇਸ ਕੰਮ ਦੀ ਜ਼ਿੰਮੇਵਾਰੀ ਗੁਰੂ ਨਾਨਕ ਜੀ ਨੇ ਸਾਡੀ ਲਾਈ ਹੈ। ਸਾਰੇ ਸੰਤਾਂ ਨੂੰ ਜ਼ੇਲ੍ਹ ਵਿੱਚੋਂ ਕਢੋਂ। ਜਿਹੋ ਜਿਹੀ ਕਰਾਮਾਤ ਰਾਜਾ ਚਾਹੇ ਵਿਖਾ ਦੇਵਾਂਗੇ। ਇਹ ਕੰਮ ਤਾਂ ਅਸਾਡਾ ਸੇਵਾਦਾਰ ਹੀ ਕਰ ਦੇਵੇਗਾ। ਇਸ ਗੱਲ ਦਾ ਤਾ ਇਹ ਬਹਾਨਾ ਹੀ ਹੈ, ਸਾਡੇ ਸੇਵਾਦਾਰ ਦਾ ਉਥੇ ਜਾਣ ਦਾ, ਉਪਰੰਤ ਬਾਬਾ ਜੀ ਨੇ ਬਚਨ ਕੀਤਾ "ਪਿਛਲੇ ਇੱਕ ਜਾਮੇ ਵਿੱਚ ਅਸੀਂ ਨੇਪਾਲ ਵਿੱਚ ਰਹਿ ਕੇ ਤਪੱਸਿਆ ਕਰਦੇ ਸੀ। ਹੁਣ ਵਾਲਾ ਨੇਪਾਲ ਦਾ ਰਾਜਾ ਅਤੇ ਰਾਣੀ ਅਸਾਡੇ ਸੇਵਾਦਾਰ ਸਨ। ਇਹ ਦੋਨੋਂ ਸੇਵਕ ਇੱਕ ਪ੍ਰੀਖਿਆ ਸਮੇਂ ਫੇਲ੍ਹ ਹੋ ਗਏ ਸਨ। ਜੇਕਰ ਨਾ ਫੇਲ੍ਹ ਹੁੰਦੇ ਤਾਂ ਇਨ੍ਹਾਂ ਦਾ ਰਾਜ ਹਿੰਦੁਸਤਾਨ ਤੋਂ ਲੈ ਕੇ ਚੀਨ ਤਕ ਹੋਣਾ ਸੀ। ਹੁਣ ਕੇਵਲ ਇੱਕ ਛੋਟਾ ਜਿਹਾ ਹੀ ਟੁਕੜਾ ਮਿਲਿਆ ਹੈ"। ਉਪਰੰਤ ਪੰਡਿਤ ਸ੍ਰੀ ਰਾਮ ਸਿੰਘ ਜੀ ਨੂੰ ਹੁਕਮ ਹੋਇਆ। "ਤੁਸੀਂ ਜਾਣ ਦੀ ਤਿਆਰੀ ਕਰੋ। ਕੋਈ ਫਿਕਰ ਨਾ ਕਰੋ। ਉਥੇ ਜਾ ਕੇ ਜਿਹੜਾ ਵੀ ਬਚਨ ਕਰੋਗੇ ਪੂਰਾ ਹੋਵੇਗਾ। ਸਾਰੇ ਸਾਧੂਆਂ ਦੀ ਬੰਦ ਖਲਾਸੀ ਕਰਾਉ। ਤੇ ਰਾਜੇ ਤੋਂ ਰੁਦ੍ਰਾਖਸ਼ ਦਾ ਇੱਕ ਮੁੱਖੀ ਮਣਕਾ ਵੀ ਲੈ ਕੇ ਆਉਣਾ"।

ਨਾਲ ਹੀ ਮੁਸਕਰਾ ਕੇ ਬਚਨ ਕੀਤਾ, "ਅੱਜ ਤੈਨੂੰ ਰਾਜ ਗੁਰੂ ਬਣਾ ਦਿੱਤਾ ਹੈ। ਤੂੰ ਭਰੇ ਦਰਬਾਰ ਵਿੱਚ ਰਾਜ ਗੱਦੀ ਤੇ ਬੈਠਣਾ ਹੈ ਤੇ ਰਾਜ ਦਰਬਾਰੇ ਤੇਰੀ ਤਸਵੀਰ ਲੱਗਣੀ ਹੈ। ਪਿਤਾ ਜੀ ਜੋ ਇਸ ਸਮੇਂ ਸੰਗਤ ਵਿੱਚ ਬੈਠੇ ਸਨ। ਦੱਸਦੇ ਸਨ ਇਹ ਬਚਨ ਕਰਨ ਸਮੇਂ ਬਾਬਾ ਜੀ ਦੇ ਚੇਹਰੇ ਉੱਤੇ ਜਲਾਲ ਹੀ ਐਸਾ ਸੀ ਕਿ ਕਹਿਣ ਸੁਨਣ ਤੋਂ ਬਾਹਰ ਹੈ। ਗੁਰਬਾਣੀ ਅਨੁਸਾਰ "ਕਹਿਬੈ ਕਉ ਸੋਭਾ ਨਹੀਂ ਦੇਖਾ ਹੀ ਪਰਵਾਨ" ਵਾਲੀ ਗੱਲ ਸੀ। ਇਤਨਾ ਬਚਨ ਕਰਕੇ ਸਭ ਨੂੰ ਅਰਾਮ ਕਰਨ ਦਾ ਹੁਕਮ ਹੋਇਆ। ਕਿਸੇ ਸਮੇਂ ਇਕਾਂਤ ਵਿੱਚ ਪੰਡਿਤ ਜੀ ਨੂੰ ਬੈਠੇ ਵੇਖਕੇ ਭਾਗੀ ਵਾਂਦਰ ਵਾਲੇ ਸ਼ੇਰ ਸਿੰਘ ਨੇ ਕਿਹਾ ਕਿ ਫਿਕਰ ਨਾ ਕਰੋ। ਜੇ ਮੈਨੂੰ ਮਹਾਰਾਜ ਫਾਂਸੀ ਤੋਂ ਛੁੜਾ ਸਕਦੇ ਹਨ ਤਾਂ ਤੁਸੀਂ ਵੀ ਬੇ-ਫਿਕਰ ਹੋ ਕੇ ਜਾਓ।

ਇਹ ਬਚਨ ਸ੍ਰੀ ਰਾਮ ਸਿੰਘ ਜੀ ਨੇ ਸੰਗਤ ਵਿੱਚ ਸੁਣਾਏ ਤੇ ਸੰਤ ਬਲਵਿੰਦਰ ਸਿੰਘ ਜੀ ਰਾਹੀ ਮਿਲਿਆ।

## ਏਕੁ ਤੂ ਹੋਰਿ ਵੇਸ ਬਹੁ ਤੇਰੇ ॥ ਨਾਨਕੁ ਜਾਣੈ ਚੋਜ ਨ ਤੇਰੇ ॥

(ਅੰਗ ੩੫੬)

## ਖਿਨ ਮਹਿ ਅਵਰੁ ਖਿਨੈ ਮਹਿ ਅਵਰਾ ਅਚਰਜ ਚਲਤ ਤੁਮਾਰੇ ॥

(ਅੰਗ ੬੧੩)

ਜਿਨ੍ਹਾਂ ਗੁਰਮੁਖ ਜਨਾਂ ਨੇ ਬਾਬਾ ਜੀ ਦੇ ਪ੍ਰਤੱਖ ਦਰਸ਼ਨ ਕੀਤੇ ਹਨ। ਉਨ੍ਹਾਂ ਸਭਨਾ ਨੇ ਇਹੋ ਬਚਨ ਦੱਸਿਆ ਹੈ ਕਿ ਕੋਈ ਵਕਤ ਐਸਾ ਹੁੰਦਾ ਸੀ, ਸਵੇਰੇ ਪਹਿਰ ਬਾਬਾ ਜੀ ਦਾ ਚਿਹਨ ਚੱਕ੍ਰ ਰੂਪ ਰੰਗ ਹੋਰ ਹੁੰਦਾ ਸੀ, ਸ਼ਾਮ ਨੂੰ ਹੋਰ। ਪਰੰਤੂ ਚਿਹਰੇ ਦਾ ਜਲਾਲ ਅਤੇ ਅਨੰਦ ਵਿੱਚ ਰਹਿੰਦੇ ਸਨ। ਜਾਣਦੇ ਸਨ "ਸਰਬੀ ਰੰਗੀ ਰੂਪੀ ਤੂੰ ਹੈ ਤਿਸੁ ਬਖਸੇ ਜਿਸੁ ਨਦਰਿ ਕਰੇ"। ਬਾਬਾ ਜੀ ਦੇ ਸਮੇਂ ਡੇਰੇ ਵਿੱਚ ਦੀਵਾ ਨਹੀਂ ਸੀ ਬਾਲਣ ਦਾ ਹੁਕਮ। ਸਭ ਕੰਮ ਹਨ੍ਹੇਰੇ ਵਿੱਚ ਹੀ ਹੁੰਦਾ ਸੀ। ਕੋਲ ਬੈਠਣ ਸਮੇਂ ਜਿਸ ਤਰ੍ਹਾਂ ਬਾਬਾ ਜੀ ਦਾ ਦਰਸ਼ਨ ਦਿਨੇ ਕਰਦੇ, ਰਾਤ ਨੂੰ ਵੀ ਉਸੇ ਤਰ੍ਹਾਂ ਹੀ ਹੁੰਦਾ ਸੀ। ਸੇਵਾ ਕਰਨ ਸਮੇਂ ਸੇਵਕ ਕਦੇ ਅੱਕਣਾ ਥੱਕਣਾ ਨਹੀਂ ਸੀ ਜਾਣਦੇ। ਸੌਣ ਦੀ ਆਗਿਆ ਮਿਲਣ ਸਮੇਂ ਜਿਸ ਵਕਤ ਸਵੇਰੇ ਦਰਸ਼ਨ ਕਰਨੇ ਇਉਂ ਲੱਗਣਾ

ਮੰਨ ਨੂੰ ਖਿੱਚ ਰਹਿਣੀ ਜਿਵੇਂ ਕਿ ਪਹਿਲੀ ਵਾਰ ਦਰਸ਼ਨ ਕਰ ਰਹੇ ਹਾਂ। ਦਰਸ਼ਨ ਵੀਚਾਰ ਨਿਤ ਨਵੇ ਹੀ ਲੱਗਦੇ ਸਨ।

**"ਸੱਚ ਪ੍ਰਮੇਸਰ ਨਿਤ ਨਵਾਂ"**

**ਹੀ ਵਾਲਾ ਗੁਰ ਬਚਨ ਵਰਤਦਾ ਸੀ।** *(ਅੰਗ ੨੦੦)*

**ਜੀਵਨ ਪਦਵੀ ਹਰਿ ਕੇ ਦਾਸ।**

**ਜਿਨ ਮਿਲਿਆ ਆਤਮ ਪਰਗਾਸੁ॥**

**ਪੂਰਬ ਜਨਮ ਕੋ ਲੇਖੁ ਨ ਮਿਟਈ**

**ਜਨਮਿ ਮਰੈ ਕਾ ਕਉ ਦੋਸੁ ਧਰੇ॥**

(ਅੰਗ ੧੦੧੪)

## 16

ਇਕ ਸਰਦਾਰ ਬਾਬਾ ਜੀ ਪਾਸ ਆਇਆ। ਭੁੱਚੋ ਨਗਰ ਇਸਦੇ ਸਹੁਰੇ ਸਨ। ਹਜ਼ੂਰ ਦੇ ਦਰਸ਼ਨ ਕਰਨ ਸਮੇਂ ਨਗਰ ਵਿੱਚੋਂ ਆਪਣੇ ਰਿਸ਼ਤੇਦਾਰ ਤੇ ਭਾਈ ਵਰਿਆਮ ਸਿੰਘ ਨੂੰ ਨਾਲ ਲੈ ਕੇ ਉਸਦੇ ਰਾਹੀਂ ਬੇਨਤੀ ਕੀਤੀ ਕਿ ਸੱਚੇ ਪਾਤਸ਼ਾਹ, ਇਸ ਸਰਦਾਰ ਦੇ ਘਰ ਬੱਚਾ (ਲੜਕਾ) ਪੈਦਾ ਹੋਇਆ ਹੈ।ਜੋ ਕਿ ਇਸ ਸਮੇਂ ਸਖਤ ਬੀਮਾਰ ਹੈ। ਕ੍ਰਿਪਾ ਕਰੋ ਬੱਚੇ ਦੀ ਜ਼ਿੰਦਗੀ ਨਾਲ ਹੀ ਮਾਤਾ ਪਿਤਾ ਦੀ ਜ਼ਿੰਦਗੀ ਹੈ। ਅੱਗੇ ਆਪ ਸਭ ਕੁਝ ਜਾਣਦੇ ਹੋ। ਸੁਨਣ ਉਪੰਰਤ ਬਾਬਾ ਜੀ ਨੇ ਬਚਨ ਕੀਤੇ ਕਿ ਜੇ ਤੁਸੀਂ ਨਾ ਮੰਨੇ ਤਾਂ ਫਿਰ ਉਹ ਬੱਚਾ ਆਪਣੇ ਉੱਤੇ ਹੀ ਖਰਚ ਕਰਾ ਕੇ ਚਲਾ ਜਾਵੇਗਾ"।

ਭਾਈ ਵਰਿਆਮ ਸਿੰਘ ਨੇ ਬੇਨਤੀ ਕੀਤੀ "ਮਹਾਰਾਜ, ਜੋ ਹੁਕਮ ਕਰੋਗੇ ਹੋ ਜਾਏਗਾ।" ਬਾਬਾ ਜੀ ਨੇ ਬਚਨ ਕੀਤਾ "ਵਰਿਆਮ ਸਿੰਘ ਇਨ੍ਹਾਂ ਨੇ ਕਰਨਾ ਨਹੀਂ। ਭਾਈ ਜੀ ਨੇ ਫਿਰ ਉਹੀ ਗੱਲ ਦੁਹਰਾਈ। ਉਪੰਰਤ ਹਜ਼ੂਰ ਨੇ ਬਚਨ ਕੀਤਾ "ਘੱਟੋ ਘੱਟ ਇੱਕ ਸੌ ਰੁਪਈਆ ਪੁੰਨ ਦਾਨ ਕਰੋ। ਸਰਦਾਰ ਨੇ ਤੁਰੰਤ ਹਾ ਕਰ ਦਿੱਤੀ। ਬਾਬਾ ਜੀ ਨੇ ਬਚਨ ਕੀਤਾ "ਜੇ ਇਹ ਗੱਲ ਠੀਕ ਹੈ ਤਾਂ ਹੁਣੇ ਘਰ ਪਹੁੰਚ ਅਤੇ ਬਚਾ ਨੌਂ ਬਰ ਨੋਂ ਹੈ ਅਤੇ ਆਪਣੀ ਮਾਂ ਦਾ ਦੁੱਧ ਪੀ ਰਿਹਾ ਹੈ। ਆਪਣੀ ਅੱਖੀਂ ਵੇਖ ਲੈ" ਉਪਰੰਤ ਸਮਾਂ ਬੀਤ

ਗਿਆ। ਬੱਚਾ ਸੋਲਾਂ ਸਾਲ ਦਾ ਜਵਾਨ ਹੋ ਗਿਆ ਪਰ ਬਾਬਾ ਜੀ ਦਾ ਬਚਨ ਨਾ ਮੰਨਿਆ ਗਿਆ ਉਪਰੰਤ ਬੱਚਾ ਕੁਝ ਦਿਨ ਬੀਮਾਰ ਰਹਿ ਕੇ ਚਲਾਣਾ ਕਰ ਗਿਆ।

**ਪੁਰਬ ਜਨਮ ਕੋ ਲੇਖੁ ਨ ਮਿਟਈ ਜਨਮਿ**
**ਮਰੈ ਕਾ ਕਉ ਦੋਸੁ ਧਰੇ॥**

(ਅੰਗ ੧੦੧੪)

ਇਹ ਬਚਨ ਵੀ ਮਾਤਾ ਪਿਤਾ ਪਾਸੋਂ ਮਿਲਿਆ।

## ਖਿਨ ਮਹਿ ਥਾਪਿ ਨਿਵਾਜੇ ਠਾਕੁਰ
## ਨੀਚ ਕੀਟ ਤੇ ਕਰਹਿ ਰਾਜੰਗਾ।

(ਅੰਗ ੮੨੪)

ਇਕ ਵਿਚਾਰਾ ਅਤੀ ਗਰੀਬ ਨਿਆਸਰਾ ਭਟਕਦਾ ਹੋਇਆ ਅਤੇ ਸਰੀਰ ਤੋਂ ਰੋਗੀ, ਨਾਲ ਹੀ ਮਾਨਸਿਕ ਰੋਗਾਂ ਨਾਲ ਪੀੜਤ ਬਹੁਤ ਹੀ ਬੁਰੇ ਹਾਲ ਵਿੱਚ ਬਾਬਾ ਮਹਾਂ ਹਰਿਨਾਮ ਸਿੰਘ ਜੀ ਦੇ ਚਰਨਾਂ ਵਿੱਚ ਹਾਜ਼ਰ ਹੋਇਆ। ਇਸ ਨੂੰ ਅਤੀ ਦੁੱਖੀ ਵੇਖ ਕੇ ਮਨ ਵਿੱਚ ਤਰਸ ਆ ਗਿਆ। ਹੁਕਮ ਕੀਤਾ "ਇਸਨੂੰ ਇਸ਼ਨਾਨ ਕਰਾ ਕੇ ਲਿਆਓ।" ਹੁਕਮ ਉਪਰੰਤ ਸੇਵਕ ਇਸ਼ਨਾਨ ਕਰਾ ਕੇ ਲੈ ਆਏ। ਇਸ ਨੂੰ ਆਪਣੇ ਪਾਸ ਬੈਠਾ ਕੇ ਸਾਰੀ ਮਰਿਯਾਦਾ ਭਾਵ ਕਿ ਸ਼ਰਾ ਕਰਵਾਈ। ਨਾਲ ਹੀ ਹੁਕਮ ਦਿੱਤਾ ਇਸ ਦੀ ਸ਼ਰਾ ਕਰਨ ਅਤੇ ਕਰਾਉਣ ਸਮੇਂ ਵਾਹਿਗੁਰੂ-ਵਾਹਿਗੁਰੂ ਜਪਦੇ ਜਪਾਉਂਦੇ ਰਹੋ। ਹੁਕਮ ਅਨੁਸਾਰ ਸਭ ਨੇ ਇਸੇ ਤਰ੍ਹਾਂ ਹੀ ਕੀਤਾ। ਉਪਰੰਤ ਬਾਬਾ ਜੀ ਦੀ ਹਜ਼ੂਰੀ ਵਿੱਚ ਲੈ ਆਏ। ਹਜ਼ੂਰ ਨੇ ਮੇਹਰ ਭਰੀ ਦ੍ਰਿਸ਼ਟੀ ਨਾਲ ਵੇਖ ਕੇ ਹੁਕਮ ਕੀਤਾ "ਸ਼ੁਧ ਹੈ।" ਉਪਰੰਤ ਉਸਨੂੰ ਸੇਵਾ ਵਿੱਚ ਰੱਖ ਲਿਆ। ਖਾਸ ਸੇਵਾ ਵੀ ਕੋਈ ਨਹੀਂ, ਹੁਕਮ ਅਨੁਸਾਰ ਜਿਥੇ ਬੈਠਣ ਦਾ ਹੁਕਮ ਕਰਨ, ਫਿਰ ਸਾਰਾ ਦਿਨ ਉਥੇ ਹੀ ਬੈਠੇ ਰਹਿਣਾ। ਰਾਤ ਨੂੰ ਜਿਥੇ ਪੈਣ ਦਾ ਹੁਕਮ ਕਰਨਾ ਉਥੇ ਜਾ ਕੇ ਉਸੇ ਢੰਗ ਨਾਲ ਰਾਤ ਨੂੰ ਸੌਣਾ। ਹੁਕਮ ਅਨੁਸਾਰ ਉਠਣ ਬੈਠਣ ਸਮੇਂ ਵਾਹਿਗੁਰੂ-ਵਾਹਿਗੁਰੂ ਜਪਦੇ ਰਹਿਣਾ। ਵੱਧ ਤੋਂ ਵੱਧ

ਇੱਕ ਸਾਲ ਦਾ ਸਮਾਂ ਲੰਘਿਆ ਹੋਵੇਗਾ। ਇੱਕ ਦਿਨ ਕੋਲ ਸੱਦ ਕੇ ਪੁੱਛਿਆ। "ਕਿਉਂ ਬਈ ਤੇਰੀ ਮੰਗ ਕੀ ਹੈ, ਭਾਵ ਆਪਣੇ ਮਨ ਦੀ ਇੱਛਾ ਦੱਸ। ਉਸ ਨੇ ਬੇਨਤੀ ਕੀਤੀ ਮਹਾਰਾਜ ਮੈਂ ਦਰ-ਬ-ਦਰ ਰੁਲਦਾ, ਤਨ ਮਨ ਦਾ ਰੋਗੀ ਜਦੋਂ ਦਾ ਡੇਰੇ ਵਿੱਚ ਆਇਆ ਹਾਂ ਮੈਂ ਬਹੁਤ ਸੁਖੀ ਹਾਂ। ਪਹਿਲਾਂ ਤਾਂ ਮੈਂ ਮੰਗਤਾਂ ਹੀ ਸੀ ਮੇਰੇ ਮਨ ਦੀ ਵਾਸ਼ਨਾਵਾਂ ਕਦੇ ਮੁਕਦੀਆਂ ਹੀ ਨਹੀਂ ਸਨ ਅਤੇ ਹੁਣ ਮੈਨੂੰ ਕੋਈ ਇੱਛਾ ਨਹੀਂ ਹੈ। ਬਾਬਾ ਜੀ ਨੇ ਫਿਰ ਬਚਨ ਕੀਤਾ "ਤੇਰੀ ਉਸ ਵੇਲੇ ਜੋ ਵੀ ਇੱਛਾ ਹੁੰਦੀ ਸੀ ਹੁਣ ਤੈਨੂੰ ਦਸਣੀ ਹੀ ਪਵੇਗੀ"। ਉਪਰੰਤ ਉਸ ਨੇ ਥੋੜ੍ਹੀ ਜਹੀ ਸ਼ਰਮ ਮੰਨ ਕੇ ਦਬੀ ਜਹੀ ਜ਼ੁਬਾਨ ਵਿੱਚ ਬੋਲਿਆ ਮਹਾਰਾਜ ਮੇਰੀ ਇੱਛਾ ਹੁੰਦੀ ਸੀ ਜੇ ਚਾਰ ਪੈਸੇ ਕੋਲ ਹੁੰਦੇ ਕੁਝ ਜ਼ਮੀਨ ਜਾਇਦਾਦ ਹੁੰਦੀ ਤਾਂ ਵਿਆਹ ਕਰਵਾ ਕੇ ਮੌਜਾਂ ਕਰਦੇ। ਮਹਾਰਾਜ ਹੁਣ ਤਾਂ ਮੇਰੀ ਉਮਰ ਸੱਠ ਸਾਲ ਤੋਂ ਉਪਰ ਹੋ ਗਈ ਹੈ। ਕੋਈ ਗੱਲ ਬਣ ਨਹੀਂ ਸਕਦੀ"। ਬਾਬਾ ਜੀ ਨੇ ਬਚਨ ਕੀਤਾ "ਸਭ ਕੁਝ ਬਣ ਸਕਦਾ ਹੈ। ਤੈਨੂੰ ਸਰੀਰ ਵੀ ਨਵਾਂ ਮਿਲ ਜਾਵੇਗਾ। ਜੇ ਤੈਨੂੰ ਕਿਸੇ ਰਿਆਸਤ ਦਾ ਮਾਲਕ ਬਣਾ ਦੇਈਏ ਫਿਰ ਤਾਂ ਠੀਕ ਹੈ ਨਾ"। ਇਸ ਤੋਂ ਬਾਅਦ ਉਸਨੇ ਕੋਈ ਉੱਤਰ ਨਹੀਂ ਦਿੱਤਾ। ਉਸਦੇ ਮਨ ਦੀ ਗੱਲ ਸਮਝ ਕੇ ਬਾਬਾ ਜੀ ਨੇ ਆਪ ਹੀ ਬਚਨ ਕੀਤਾ "ਸ਼ੁੱਧ ਹੈ"। ਫਿਰ ਮੁਨਸ਼ੀ ਹਰਦਿੱਤ ਸਿੰਘ ਨੂੰ ਪੁੱਛਿਆ "ਕਿਹੜੀ ਰਿਆਸਤ ਚੰਗੀ ਹੈ ਜਾਂ ਵੱਡੀ ਹੈ"ਸਾਰੀਆਂ ਰਿਆਸਤਾਂ ਦੇ ਨਾਮ ਲਏ। ਜਿਸਦਾ ਨਾਮ ਬਾਬਾ ਜੀ ਨੂੰ ਦੱਸਣ, ਹਜ਼ੂਰ ਇਨਕਾਰ ਕਰ ਦੇਣ। ਸਭ ਤੋਂ ਬਾਅਦ "ਗਵਾਲੀਅਰ" ਦਾ ਨਾਮ ਲਿਆ। ਬਾਬਾ ਜੀ ਨੇ ਤੁਰੰਤ ਹੀ ਹਾਂ ਕਰ ਦਿੱਤੀ। ਉਪੰਰਤ ਦੋ ਚਾਰ ਦਿਨ ਹੋਰ ਬੀਤੇ। ਇਹ ਆਉਣ ਵਾਲਾ ਕੁਝ ਬੀਮਾਰ ਹੋ ਗਿਆ। ਬਾਬਾ ਜੀ ਕੋਲ ਬੇਨਤੀ ਕੀਤੀ ਗਈ ਤੇ ਹਜ਼ੂਰ ਵਲੋਂ ਹੁਕਮ ਹੋਇਆ "ਇਸਨੂੰ ਸੁਖਮਨੀ ਸਾਹਿਬ ਦੇ ਪਾਠ ਸੁਣਾਓ"। ਭਾਈ ਕਪੂਰ ਸਿੰਘ ਰਹਿਰਾਸੀਆਂ ਤੇ ਭਾਈ ਰਤਨ ਸਿੰਘ ਡਰੋਲੀ ਦੋਹਾਂ ਨੇ ਵਾਰੀ ਵਾਰੀ ਪਾਠ ਸੁਣਾਏ। ਸਵੇਰ ਤੋਂ ਲੈ ਕੇ ਸ਼ਾਮ ਹੋ ਗਈਆਂ। ਸੂਰਜ ਛਿਪਣ ਦਾ ਸਮਾਂ ਸੀ। ਕੁਝ ਸੰਗਤ ਬਾਬਾ ਜੀ ਦੀ ਹਜ਼ੂਰੀ ਵਿੱਚ ਬੈਠੀ ਸੀ। ਉਸ ਸਮੇਂ ਬਾਬਾ ਜੀ ਨੇ ਬਚਨ ਕੀਤਾ "ਗਵਾਲੀਅਰ, ਗਵਾਲੀਅਰ, ਗਵਾਲੀਅਰ"। ਉਪਰੰਤ ਉਸਦਾ ਸਰੀਰ ਸ਼ਾਂਤ ਹੋ ਗਿਆ। ਇਸ ਸਮੇਂ ਭਾਈ

ਕਪੂਰ ਸਿੰਘ ਨੇ ਬੇਨਤੀ ਕੀਤੀ "ਮਹਾਰਾਜ, ਉਹ ਤਾਂ ਆਕੜਿਆ ਪਿਆ ਹੈ"। ਬਾਬਾ ਜੀ ਨੇ ਬਚਨ ਕੀਤਾ "ਉਹ ਤਾਂ ਗਵਾਲੀਅਰ ਅੱਪੜ ਗਿਆ ਹੈ"। ਜਨਮ ਕਾਲ ਜੋੜ ਹੁਕਮ ਜੋ ਹੋਇ ਸੁ ਮੰਨੈ"। ਇਸ ਤੋਂ ਉਪਰੰਤ ਉਸਦੇ ਸਰੀਰ ਦਾ ਅੰਤਮ ਸੰਸਕਾਰ ਕਰਨ ਦਾ ਹੁਕਮ ਕਰ ਦਿੱਤਾ ਗਿਆ। ਕੁਝ ਸਮੇਂ ਬਾਅਦ ਉਸਦੀ ਇੱਕ ਭੈਣ ਬਾਬਾ ਜੀ ਕੋਲ ਆ ਕੇ ਰੋਣ ਲੱਗੀ। ਹਜ਼ੂਰ ਨੇ ਪੁੱਛਿਆ ਤਾਂ ਇਸ ਬੀਬੀ ਨੇ ਉਸ ਨੂੰ ਆਪਣਾ ਭਰਾ ਦੱਸਿਆ ਤੇ ਨਾਲ ਹੀ ਉਸ ਨੇ ਬੇਨਤੀ ਕੀਤੀ ਕਿ ਮਹਾਰਾਜ ਕਈਆਂ ਸਾਲਾਂ ਦਾ ਦੁੱਖਾਂ ਦਾ ਮਾਰਿਆ ਘਰੋਂ ਨਿਕਲ ਗਿਆ ਸੀ।

ਸਾਨੂੰ ਕੋਈ ਪਤਾ ਨਹੀਂ ਸੀ ਲੱਗਾ। ਉਪੰਰਤ ਬਾਬਾ ਜੀ ਨੇ ਬਚਨ ਕੀਤਾ ਕਿ "ਓਹ ਤਾਂ ਸਾਰੇ ਦੁੱਖਾਂ ਤੋਂ ਛੁਟਕਾਰਾ ਪਾ ਕੇ" ਗਵਾਲੀਅਰ ਦੀ ਰਿਆਸਤ ਦਾ ਮਾਲਕ ਬਣ ਗਿਆ ਹੈ। ਬੀਬੀ ਤੇਰੇ ਰੋਣ ਦਾ ਉਸ ਉੱਤੇ ਕੋਈ ਅਸਰ ਨਹੀਂ"। ਇਤਨਾ ਬਚਨ ਸੁਣ ਕੇ ਓਹ ਲੜਕੀ ਵਾਪਸ ਚਲੀ ਗਈ।

ਇਹ ਬਚਨ ਮਾਤਾ ਪਿਤਾ ਪਾਸੋਂ ਮਿਲਿਆ।

## ਏਕੈ ਏਕੈ ਤੂ ਰਾਇਆ ॥
## ਤਉ ਕਿਰਪਾ ਤੇ ਸੁਖੁ ਪਾਇਆ ॥

(ਅੰਗ ੯੯੪)

ਸੇਵਕ ਸੇਵਾ ਕਰਦਾ ਹੈ। ਪਰੰਤੂ ਆਪਣੇ ਸੰਗੀਆਂ ਨੂੰ ਵੀ ਪ੍ਰੇਰ ਕੇ ਸੇਵਾ ਵਿੱਚ ਲੈਂਦਾ ਹੈ। ਜਿਵੇਂ ਬਾਣੀ ਵਿੱਚ ਹੁਕਮ ਹੈ —

**ਆਪ ਤਰਹਿ ਸੰਗੀ ਤਰਾਹਿ ਸਭ ਕੁਟੰਬੁ ਤਰਾਵੈ ॥**
**ਜਨੁ ਨਾਨਕੁ ਤਿਸੁ ਬਲਿ ਹਾਰਣੈ ਜੋ ਮੇਰੇ ਹਰਿ ਪ੍ਰਭ ਭਾਵੈ ॥**

ਬਾਬਾ ਮਹਾਂ ਹਰਿਨਾਮ ਸਿੰਘ ਜੀ ਦੀ ਸੇਵਾ ਵਿੱਚ ਸੰਤ ਸ੍ਰੀ ਰਾਮ ਸਿੰਘ ਜੀ ਮਲੂਕੇ ਵਾਲੇ ਆਏ। ਆਪ ਵੀ ਸੇਵਾ ਕੀਤੀ। ਜਿਤਨੀ ਸੰਗਤ ਮਲੂਕੇ ਨਗਰ ਦੀ ਸੀ, ਸਭ ਨੂੰ ਪ੍ਰੇਰੇ ਕੇ ਸੇਵਾ ਵਿੱਚ ਲਾਇਆ। ਇੱਕ ਪ੍ਰਸੰਗ ਹੋਰ

ਇਸ ਬਾਰੇ ਸਰਵਣ ਕਰੋ ਅਤੇ ਪੜ੍ਹੋ। ਇੱਕ ਵਾਰ ਸੱਤ ਅੱਠ ਮਾਈ ਭਾਈ ਮਲੂਕੇ ਨਗਰ ਤੋਂ ਬਾਬਾ ਜੀ ਦੇ ਦਰਸ਼ਨ ਕਰਨ ਆਏ। ਨਾਲ ਦੁੱਧ ਦੀ ਵਲਟੋਹੀ ਭਰ ਕੇ ਲੈ ਆਏ। ਬਾਬਾ ਜੀ ਨੇ ਦੁੱਧ ਦੀ ਸ਼ਰਾ ਕਰਨ ਦਾ ਹੁਕਮ ਦਿੱਤਾ। ਨਾਲ ਹੀ ਹੁਕਮ ਅਨੁਸਾਰ ਸਭ ਨੇ ਰੱਜ ਕੇ ਛਕਿਆ। ਤਿੰਨ-ਚਾਰ ਸੇਰ ਦੁੱਧ ਫਿਰ ਵੀ ਵੱਧ ਗਿਆ। ਹੋਰ ਸੰਗਤ ਤਾਂ ਦਰਸ਼ਨ ਕਰਕੇ ਵਾਪਸ ਮਲੂਕੇ ਪਿੰਡ ਨੂੰ ਚਲੀ ਗਈ ਪਰ ਇਨ੍ਹਾਂ ਵਿੱਚੋਂ ਦੋ ਪ੍ਰੇਮੀ ਹਾਕਮ ਸਿੰਘ ਅਤੇ ਗੁਰਮੁਖ ਸਿੰਘ ਇਥੇ ਰਹਿ ਗਏ। ਕੁਝ ਸਮੇਂ ਬਾਅਦ ਹਜ਼ੂਰ ਨੇ ਬਚਨ ਕੀਤਾ ਕਿ "ਜਿਹੜਾ ਦੁੱਧ ਵੱਧ ਗਿਆ ਹੈ ਓਹ ਤੁਸੀਂ ਮਲੂਕੇ ਵਾਲੇ ਹੀ ਛੱਕੋ। ਕਿਸੇ ਹੋਰ ਨੂੰ ਨਹੀਂ ਦੇਣਾ"। ਉਸ ਸਮੇਂ ਰੁੱਤ ਗਰਮੀ ਦੀ ਸੀ ਤੇ ਦੁੱਧ ਖਰਾਬ ਹੋ ਗਿਆ ਸੀ ਪਰ ਹਾਕਮ ਸਿੰਘ ਅਤੇ ਗੁਰਮੁਖ ਸਿੰਘ ਜਿਸ ਸਮੇਂ ਦੁੱਧ ਪੀਣ ਲੱਗੇ ਤਾਂ ਪੀ ਨਾ ਸਕੇ। ਫਿਰ ਦੋਹਾਂ ਹਾਕਮ ਸਿੰਘ ਤੇ ਗੁਰਮੁਖ ਸਿੰਘ ਨੇ ਬੇਨਤੀ ਕੀਤੀ ਮਹਾਰਾਜ ਦੁੱਧ ਖਰਾਬ ਹੋ ਗਿਆ ਹੈ। ਸਾਥੋਂ ਪੀਤਾ ਨਹੀਂ ਜਾਂਦਾ। ਬਾਬਾ ਜੀ ਨੇ ਇਨ੍ਹਾਂ ਦੋਹਾਂ ਨੂੰ ਹੁਕਮ ਕੀਤਾ "ਜੋ ਤੁਸੀਂ ਦੁੱਧ ਛੱਕ ਲੈਂਦੇ ਤਾਂ ਇਹ ਬੜਾ ਗੁਣਕਾਰ ਦੁੱਧ ਸੀ"। ਪਰੰਤੂ ਇਹ ਦੋਵੇਂ ਬਾਰ-ਬਾਰ ਬਾਬਾ ਜੀ ਦੇ ਕਹਿਣ ਤੇ ਵੀ ਨਾ ਮੰਨੇ। ਬਾਬਾ ਜੀ ਨੇ ਬਚਨ ਕੀਤਾ "ਜੇ ਤੁਸੀਂ ਨਹੀਂ ਪੀਣਾ ਤਾਂ ਕਿਸੇ ਆਪਣੇ ਪਿੰਡ ਦੇ ਨੂੰ ਪਿਆ ਦਿਓ। ਫਿਰ ਬਾਬਾ ਜੀ ਨੇ ਬਚਨ ਕੀਤਾ "ਤੁਸੀਂ ਕਿਸੇ ਆਪਣੇ ਪਿੰਡ ਦੇ ਬੰਦੇ ਨੂੰ ਯਾਦ ਕਰੋ"। ਫਿਰ ਦੋਹਾਂ ਨੇ ਪੰਜ ਸੱਤ ਬੰਦਿਆਂ ਦੇ ਨਾਮ ਲਏ ਪਰ ਉਨ੍ਹਾਂ ਵਿੱਚੋਂ ਕੋਈ ਵੀ ਇਥੇ ਮੌਜੂਦ ਨਹੀਂ ਸੀ, ਤੇ ਨਾ ਤੁਰੰਤ ਆ ਸਕਦੇ ਸਨ। ਇੱਕ ਦਿਨ ਹੋਰ ਲੰਘ ਗਿਆ। ਅਗਲੇ ਦਿਨ ਹਜ਼ੂਰ ਨੇ ਪੁੱਛਿਆ "ਕਿਓ ਬਈ ਤੁਹਾਡੇ ਪਿੰਡੋਂ ਕੋਈ ਬੰਦਾ ਨਹੀਂ ਆਇਆ" ਤਾਂ ਹਾਕਮ ਸਿੰਘ ਤੇ ਗੁਰਮੁਖ ਸਿੰਘ ਨੇ ਬੇਨਤੀ ਕੀਤੀ" ਕੋਈ ਨਹੀਂ। ਥੋੜ੍ਹੇ ਜਿਹੇ ਚਿਰ ਪਿਛੋਂ ਇੱਕ ਮਲੂਕੇ ਨਗਰ ਦੀ ਮਾਈ ਜਿਸਦਾ ਨਾਮ ਚੰਦੀ ਸੀ ਇਸਦੇ ਪਤੀ ਦਾ ਨਾਮ ਬਿਸ਼ਨ ਸਿੰਘ ਸੀ, ਆਪਣੀ ਲੜਕੀ ਨੂੰ ਨਾਲ ਲੈ ਕੇ ਚਾਰ ਦੋਹਤੇ ਤੇ ਚਾਰ ਦੋਹਤੀਆਂ ਸਮੇਤ ਦਰਸ਼ਨ ਕਰਨ ਲਈ ਆ ਪਹੁੰਚੀ। ਹੇਠੋਂ ਸੇਵਾਦਾਰ ਨੇ ਬੇਨਤੀ ਕੀਤੀ ਮਹਾਰਾਜ ਮਲੂਕੇ ਤੋਂ ਇੱਕ ਮਾਈ ਦਰਸ਼ਨ ਕਰਨ ਲਈ ਆਈ ਹੈ ਬਾਬਾ ਜੀ ਨੇ ਤੁਰੰਤ ਹੀ ਮਾਈ ਨੂੰ ਉੱਪਰ ਸੱਦ ਲਿਆ। ਮਾਈ ਦਾ ਪਿੰਡ ਸੁਣ ਕੇ ਬਾਬਾ ਜੀ ਨੇ ਬਚਨ ਕੀਤਾ "ਮਾਈ

ਇਕੱਲੀ ਆਈ ਹੈ" ਉਸਨੇ ਕਿਹਾ "ਜੀ ਨਹੀਂ, ਇੱਕ ਮੇਰੀ ਧੀ ਮੇਰੇ ਨਾਲ ਹੈ। ਚਾਰ ਦੋਹਤੇ ਦੋਹਤੀਆਂ ਹਨ। ਅਸੀਂ ਤੁਹਾਡੇ ਦਰਸ਼ਨ ਕਰਨੇ ਹਨ।" ਬਾਬਾ ਜੀ ਨੇ ਬਚਨ ਕੀਤਾ "ਸ਼ੁੱਧ ਹੈ"। ਨਾਲ ਹੀ ਹਾਕਮ ਸਿੰਘ ਤੇ ਗੁਰਮੁਖ ਸਿੰਘ ਨੂੰ ਬਚਨ ਕੀਤਾ" ਇਸ ਮਾਈ ਦੇ ਪਰਿਵਾਰ ਨੂੰ ਦੁੱਧ ਛਕਾਓ, ਦੋ ਕੁੱਜੇ ਮਿਸ੍ਰੀ ਦੇ ਪ੍ਰਤੀ ਜੀਅ ਦੁੱਧ ਵਿੱਚ ਮਿਲਾਓ"। ਹੁਕਮ ਅਨੁਸਾਰ ਉਤਨੇ ਕੁੱਜੇ ਮਿਸ੍ਰੀ ਦੇ ਨਗ ਦੁੱਧ ਵਿੱਚ ਮਿਲਾ ਦਿੱਤੇ। ਇਹ ਪਰਿਵਾਰ ਸਾਰਾ ਹੀ ਦੁੱਧ ਛੱਕ ਗਿਆ। ਉਪਰੰਤ ਬਾਬਾ ਜੀ ਨੇ ਬਚਨ ਕੀਤਾ "ਭਾਈ ਇਹ ਦੁੱਧ ਬੜੇ ਗੁਣ ਵਾਲਾ ਸੀ"। ਇਨ੍ਹਾਂ ਦੋਹਾਂ ਨੇ ਪੁੱਛਿਆ "ਮਹਾਰਾਜ ਕੀ ਗੁਣ ਸੀ" ਬਾਬਾ ਜੀ ਨੇ ਬਚਨ ਕੀਤਾ "ਇਸ ਦੁੱਧ ਵਿੱਚ ਗੁਣ ਤਾਂ ਬੜੇ ਸਨ। ਪਰ ਤਿੰਨ ਗੁਣ ਬਹੁਤ ਵੱਡੇ ਸਨ।

1) ਇਕ ਗੁਣ ਜਿਹੜਾ ਇਹ ਦੁੱਧ ਪੀ ਲੈਂਦਾ ਸਾਰੀ ਉਮਰ ਉਸਦੇ ਦੰਦ ਦਾੜ ਨਹੀਂ ਹਿਲਦੇ ਜਾਂ ਦੁਖਦੇ।
2) ਦੂਜਾ ਗੁਣ ਗੋਡੇ ਗਿਟੇ ਦਰਦ ਨਹੀਂ ਕਰਦੇ।
3) ਤੀਜਾ ਗੁਣ ਨਿਗ੍ਹਾ ਜਿਉਂ ਕੀ ਤਿਉਂ ਰਹੇਗੀ।

ਉਸ ਸਮੇਂ ਮਾਈ ਚੰਦੀ ਕੋਲ ਹੀ ਬੈਠੀ ਸੀ। ਉਸਨੇ ਬੇਨਤੀ ਕੀਤੀ

"ਮਹਾਰਾਜ, ਮੈਨੂੰ ਰੋਜ਼ ਨਰਾਤਾ ਹੋ ਜਾਂਦਾ ਹੈ ਭਾਵ ਕਿ ਰਾਤ ਨੂੰ ਦਿੱਸਦਾ ਨਹੀਂ।" ਉਪਰੰਤ ਬਾਬਾ ਜੀ ਨੇ ਬਚਨ ਕੀਤਾ "ਮਾਈ ਤੇਰਾ ਨਰਾਤਾ ਅੱਜ ਤੋਂ ਹੀ ਮੁੱਕ ਗਿਆ। ਤੇਰੀ ਕੁਲ ਵਿੱਚ ਉਪਰਲੀਆਂ ਬੀਮਾਰੀਆਂ ਨਹੀਂ ਹੁੰਦੀਆਂ। ਉਪਰੰਤ ਮਾਈ ਬੜੀ ਵੱਡੀ ਉਮਰ ਦੀ ਹੋ ਕੇ ਮਰੀ। ਅਖੀਰ ਤੱਕ ਉਸਦੀ ਨਿਗ੍ਹਾ ਕਾਇਮ-ਦੰਦ ਜਾੜ ਵੀ ਠੀਕ ਰਹੇ ਅਤੇ ਜੋੜਾਂ ਵਿੱਚ ਕੋਈ ਤਕਲੀਫ ਨਹੀਂ ਹੋਈ। ਪਰੰਤੂ ਗੁਰਮੁਖ ਸਿੰਘ ਤੇ ਹਾਕਮ ਸਿੰਘ ਬਾਅਦ ਵਿੱਚ ਬਹੁਤ ਪਛਤਾਏ।

ਗੁਰਵਾਕ ਹੈ—

**ਜਿਨਿ ਰੰਗਿ ਕੰਤੁ ਨ ਰਾਵਿਆ ਸਾ ਪਛੋ ਰੇ ਤਾਣੀ॥**
**ਹਾਥ ਪਛੋੜੈ ਸਿਰੁ ਧੁਣੈ ਜਬ ਰੈਣਿ ਵਿਹਾਣੀ॥**

**ਪਛੋਤਾਵਾ ਨਾ ਮਿਲੈ ਜਬ ਚੂਕੈਗੀ ਸਾਰੀ॥**

(ਅੰਗ ੭੨੫)

ਇਹ ਪ੍ਰਸੰਗ ਮਲੂਕਾ ਨਿਵਾਸੀ ਭਾਈ ਗੁਰਮੁਖ ਸਿੰਘ ਨੇ ਸੁਣਾਇਆ। ਫਿਰ ਰਤਨ ਸਿੰਘ ਢਿਲੋਂ ਨੇ ਭੀ ਦੱਸਿਆ ਤੇ ਲਿਖਾਇਆ।

## ਪਉਣੁ ਪਾਣੀ ਬੈਸੰਤਰੁ ਡਰਪੈ ਡਰਪੈ ਇੰਦ੍ਰੁ ਬਿਚਾਰਾ॥

ਮਹਾਂਪੁਰਖਾਂ ਦੇ ਕੌਤਕ ਦੁਨਿਆਵੀਂ ਵਿਦਿਆ ਦੇ ਘੇਰੇ ਵਿੱਚ ਰਹਿਣ ਵਾਲਾ ਬੰਦਾ ਸਮਝ ਨਹੀਂ ਸਕਦਾ। ਫਿਰ ਓਹ ਮੰਨਦਾ ਵੀ ਨਹੀਂ। ਪ੍ਰੰਤੂ ਜਿਨਾ ਦੇ ਸਾਹਮਣੇ ਸਭ ਕੁਝ ਵਰਤਿਆ ਹੋਵੇ ਓਹ ਇਨਕਾਰ ਨਹੀਂ ਕਰ ਸਕਦੇ। ਇਥੇ ਤਾਂ ਕਬੀਰ ਸਾਹਿਬ ਦਾ ਬਚਨ ਠੀਕ ਢੁੱਕਦਾ ਹੈ-

**ਕਹਿ ਕਬੀਰ ਅਬ ਜਾਨਿਆ॥ ਜਬ ਜਾਨਿਆ ਤਉ ਮਨੁ ਮਾਨਿਆ॥**
**ਮਨ ਮਾਨੈ ਲੋਗੁ ਨ ਪਤੀਜੈ॥ ਨਾ ਪਤੀਜੈ ਤਉ ਕਿਆ ਕੀਜੈ॥**

(ਅੰਗ ੬੫੬)

ਸੰਤ ਸ੍ਰੀ ਰਾਮ ਸਿੰਘ ਮਲੂਕੇ ਵਾਲੇ ਹਾਕਮ ਸਿੰਘ ਅਤੇ ਗੁਰਮੁਖ ਸਿੰਘ ਤਿੰਨੇ ਹੀ ਬਾਬਾ ਜੀ ਪਾਸ ਬੈਠੇ ਸਨ। ਬੱਦਲ ਵਾਈ ਮਾੜੀ ਮੋਟੀ ਜਹੀ ਸੀ। ਪਰੰਤੂ ਗਰਮੀ ਬੇ-ਅੰਤ ਸੀ। ਹਾਕਮ ਸਿੰਘ ਨੇ ਬਾਬਾ ਜੀ ਪਾਸ ਬੇਨਤੀ ਕੀਤੀ "ਮਹਾਰਾਜ, ਗਰਮੀ ਬਹੁਤ ਹੈ, ਉਠਣਾ ਬੈਠਣਾ ਮੁਸ਼ਕਿਲ ਹੈ। ਸ੍ਰੀ ਰਾਮ ਸਿੰਘ ਸੇਵਾ ਕਰਕੇ ਪਸੀਨੋਂ ਪਸੀਨੀ ਹੋਏ ਪਏ ਹਨ। ਅਤੇ ਮਹਾਰਾਜ ਅੱਬਲ ਤਾਂ ਮੀਂਹ ਪਵੇ ਤਾਂ ਚੰਗਾ ਹੈ ਨਹੀਂ ਤਾਂ ਘੱਟੋਂ ਘੱਟ ਠੰਢੀ ਹਵਾ ਚਲਾ ਦਿਓ।" ਬਾਬਾ ਜੀ ਨੇ ਬਚਨ ਕੀਤਾ "ਹਾਕਮ ਸਿੰਘ, ਐਸ ਲੋਟੇ ਦਾ ਮੂੰਹ ਖੋਲ ਦਿਓ ਤਾਂ ਠੰਢੀ ਹਵਾ ਚਲ ਪਵੇਗੀ। ਆਪਣੇ ਟਿਲੇ ਦੇ ਪਿਛਲੇ ਪਾਸੇ ਪੁਰਾਣੇ ਵੰਞ ਅਤੇ ਮੰਜੇ ਪਏ ਹਨ। ਇਨ੍ਹਾਂ ਨੂੰ ਖੜੇ ਕਰਕੇ ਖੜਕਾਓ। ਇਹ ਇੰਦਰ ਦੇਵਤੇ ਦੇ ਸਾਜ ਹਨ। ਓਹ ਸੁਣਕੇ ਖ਼ੁਸ਼ ਹੋਵੇਗਾ।

ਫਿਰ ਮੀਂਹ ਵੀ ਪੈ ਜਾਵੇਗਾ"। ਉਪਰੰਤ ਹੁਕਮ ਅਨੁਸਾਰ ਦੋਵੇਂ ਕੰਮ ਹੀ ਕਰ ਦਿੱਤੇ। ਠੰਢੀ ਹਵਾ ਵੀ ਬੇ-ਅੰਤ ਚੱਲੀ ਤੇ ਮੀਂਹ ਵੀ ਬੇ-ਅੰਤ ਆ ਗਿਆ ਜਿਹੜੇ ਸੇਵਾਦਾਰ ਅੱਗੇ ਗਰਮੀ ਮੰਨਦੇ ਸਨ ਓਹ ਠੰਢ ਵੀ ਬਹੁਤ ਮੰਨਣ ਲੱਗੇ। ਫਿਰ ਬੇਨਤੀ ਕੀਤੀ" "ਮਹਾਰਾਜ ਠੰਢ ਵੀ ਬਹੁਤ ਹੋ ਗਈ ਹੈ ਅਤੇ ਮੀਂਹ ਵੀ ਬੇ-ਅੰਤ ਹੋ ਗਿਆ ਹੈ। ਬੱਸ ਕਰੋ"। ਫਿਰ ਬਚਨ ਕੀਤਾ "ਲੋਟੇ ਦਾ ਮੂੰਹ ਬੰਦ ਕਰ ਦਿਓ। ਜਿਹੜੇ ਵੰਝ ਅਤੇ ਮੰਜੇ ਖੜੇ ਕੀਤੇ ਹਨ। ਓਹ ਲੰਮੇ ਪਾ ਦਿਓ। ਹੁਕਮ ਅਨੁਸਾਰ ਇਵੇਂ ਹੀ ਕੀਤਾ। ਹਵਾ ਅਤੇ ਮੀਂਹ ਦੋਨੋਂ ਹੀ ਬੰਦ ਹੋ ਗਏ। ਉਪਰੰਤ ਬਾਬਾ ਜੀ ਨੇ ਬਚਨ ਕੀਤਾ "ਇਨ੍ਹਾਂ ਲੋਟਾਂ ਅਤੇ ਮੰਜਿਆਂ ਵਾਸਾਂ ਵਿੱਚ ਕੁਝ ਨਹੀਂ ਤੁਸੀਂ ਕਿਸੇ ਮੌਕੇ ਤੇ ਵੀ ਇਨ੍ਹਾਂ ਪਿਛੇ ਝਗੜਾ ਨਾ ਕਰਿਓ। ਨਾਮ ਜਪੋ, ਸਾਧ ਸੰਗਤ ਦੀ ਸੇਵਾ ਕਰੋ। ਇਹ ਜੋ ਕੁਝ ਹੈ ਗੁਰੂ ਨਾਨਕ ਦੀ ਕਿਰਪਾ ਹੈ। ਉਸ ਨਾਲ ਹੀ ਸਭ ਕੁਝ ਹੋ ਰਿਹਾ ਹੈ।

**ਹੋਨਿ ਨਜੀਕਿ ਖੁਦਾਇ ਦੈ ਭੇਤੁ ਨ ਕਿਸੈ ਦੇਨਿ॥**

(ਅੰਗ ੧੩੮੪)

ਇਹ ਪ੍ਰਸੰਗ ਭਾਈ ਗੁਰਮੁਖ ਸਿੰਘ ਮਲੂਕਾ ਨਿਵਾਸੀ ਨੇ ਲਿਖਾਇਆ

**ਕੁੰਡਲੀਆਂ**

**ਸ੍ਰੀ ਸੰਤ ਮਹਾਂ ਹਰਿਨਾਮ ਸਿੰਘ ਚਰਨ ਕਮਲ ਨਮਸਕਾਰ-**
**ਕਾਰਜ ਸਭ ਸਫਲੇ ਕਰੋ ਲੋਕ ਪਰਲੋਕ ਸੁਧਾਰ-**
**ਲੋਕ ਪਰਲੋਕ ਸੁਧਾਰ ਮੈ ਆਇਆ ਦਰ ਤੇਰੇ-**
**ਬਖਸ਼ੋ ਅਵਗੁਣ ਜਨਮ ਜਨਮ ਕੇ ਨਿਮਖ ਨਾ ਲਾਵੋ ਦੇਰੇ-**
**ਤੁਮ ਹੋ ਬੜੇ ਬਖਸਿੰਦ ਨਰਕ ਨਿਵਾਰਣ ਨਰਹਰੀ-**
**ਪਰਮ ਪਰਾਵਰ ਨਾਥ ਪ੍ਰਮ ਜੋਤ ਪ੍ਰਮੇਸ਼ਰੀ-**

# ਕਾਟੀ ਬੇਰੀ ਪਗਹ ਤੇ
# ਗੁਰਿ ਕੀਨੀ ਬੰਦਿ ਖਲਾਸੁ''

ਭਾਈ ਸ਼ੇਰ ਸਿੰਘ ਜਿਸਨੂੰ ਬਾਬਾ ਜੀ ਕੌਡਾ ਰਾਖਸ਼ ਕਿਹਾ ਕਰਦੇ ਸਨ ਲੜਾਈ ਝਗੜੇ ਕਰਦਾ ਰਹਿੰਦਾ ਸੀ। ਇੱਕ ਵਾਰ ਕਿਸੇ ਲੜਾਈ ਵਿੱਚ ਬੰਦਾ ਨੁਕਸਾਨਿਆ ਗਿਆ ਜਿਸ ਵਿੱਚ ਇਸਨੂੰ ਦੋ ਸਾਲ ਦੀ ਕੈਦ ਹੋ ਗਈ। ਕਿਸੇ ਸਮੇਂ ਸ਼ੇਰ ਸਿੰਘ ਦਾ ਭਣੋਈਆ ਬਿਸ਼ਨ ਸਿੰਘ, ਇੱਕ ਸ਼ੇਰ ਸਿੰਘ ਦੇ ਘਰਵਾਲੀ ਨਾਮ ਤਾਂ ਇਸਦਾ ਨੰਦ ਕੌਰ ਸੀ, ਪਰੰਤੂ ਬਾਬਾ ਇਸਨੂੰ ਨਟਣੀ ਕਹਿੰਦੇ ਹੁੰਦੇ ਸਨ। ਬਿਸ਼ਨ ਸਿੰਘ ਤੇ ਨੰਦ ਕੋਰ ਮਲੂਕੇ ਨਗਰ ਨੂੰ ਜਾਣ ਸਮੇਂ ਭੁੱਚੋ ਦਰਸ਼ਨ ਕਰਨ ਆਏ, ਮੱਥਾ ਟੇਕਿਆ। ਹਜ਼ੂਰ ਨੇ ਪੁੱਛਿਆ, ਕੌਣ ਹੈ ਤੇ ਕਿਥੋਂ ਆਏ ?" ਇਨ੍ਹਾਂ ਨੇ ਬੇਨਤੀ ਕੀਤੀ "ਮਹਾਰਾਜ, ਮੈ ਬਿਸ਼ਨ ਸਿੰਘ ਮਾਣਕਖਾਨੇ ਤੋਂ ਹਾਂ। ਇਹ ਮੇਰੇ ਨਾਲ ਸ਼ੇਰ ਸਿੰਘ ਭਾਗੀ ਵਾਂਦਰ ਵਾਲੇ ਦੇ ਘਰੋਂ ਨੰਦ ਕੋਰ ਹੈ। ਉਪਰੰਤ ਵਿੱਚ ਹਜ਼ੂਰ ਨੇ ਬਚਨ ਕੀਤਾ "ਕੋਡੇ ਰਾਖਸ਼ ਦੇ ਘਰਵਾਲੀ ਨਟਣੀ ਹੈ" ਨਾਲ ਹੀ ਬਚਨ ਕੀਤਾ "ਨਟਣੀਏ ਕੋਡੇ ਰਾਖਸ਼ ਨੂੰ ਹੁਣ ਕੈਦ ਵਿੱਚੋਂ ਬਾਹਰ ਲਿਆਉਣਾ ਹੈ ਕਿ ਨਹੀਂ" ਉਪਰੰਤ ਨੰਦ ਕੌਰ ਨੇ ਬੇਨਤੀ ਕੀਤੀ "ਮਹਾਰਾਜ, ਕੋਡਾ ਰਾਖਸ਼ ਤੁਹਾਡਾ ਹੈ ਤੇ ਤੁਸੀਂ ਉਸਦੇ। ਤੁਹਾਡੀ ਰਜਾ ਹੈ ਤਾਂ ਕੈਦ ਵਿੱਚੋਂ ਬਾਹਰ ਲੈ ਆਓ। ਉਪਰੰਤ ਬਾਬਾ ਜੀ ਨੇ ਬਚਨ ਕੀਤਾ ਕਿ ਜਿਹੜਾ ਅਸੀਂ ਉਸਨੂੰ ਨਿਤਨੇਮ ਕਰਨ ਲਈ ਕਿਹਾ ਹੈ ਓਹ ਤਾਂ ਜ਼ੇਲ੍ਹ ਵਿੱਚ ਵੀ ਕਰੀ ਜਾਂਦਾ ਹੈ। ਕਲ੍ਹ ਨਹੀਂ ਪਰਸੋਂ ਨੂੰ ਆ ਜਾਵੇਗਾ"। ਉਪਰੰਤ ਬਿਸ਼ਨ ਸਿੰਘ ਅਤੇ ਨੰਦ ਕੌਰ ਤਾਂ ਮਲੂਕੇ ਨੂੰ ਚਲੇ ਗਏ। ਉਪਰੰਤ ਸ਼ੇਰ ਸਿੰਘ ਕੈਦ ਵਿੱਚੋਂ ਕਿਸੇ ਤਰ੍ਹਾਂ ਬਾਹਰ ਆਇਆ। ਇਹ ਪ੍ਰਸੰਗ ਇਸ ਤਰ੍ਹਾਂ ਹੋਇਆ ਕਿ ਲਗਾਤਾਰ ਮਹਾਰਾਜਾ ਪਟਿਆਲਾ ਭੁਪਿੰਦਰ ਸਿੰਘ ਪਹਿਲੀ ਰਾਤ ਬੜਾ ਡਰਿਆ ਅਤੇ ਦੂਜੀ ਰਾਤ

ਉਸਤੋਂ ਵੀ, ਹਜ਼ੂਰ ਨੇ ਬਚਨ ਕੀਤਾ "ਭਾਗੀ ਵਾਂਦਰ ਦਾ ਸ਼ੇਰ ਸਿੰਘ ਅੱਜ ਇਸੇ ਵੇਲੇ ਹੀ ਜ਼ੇਲ੍ਹ ਵਿੱਚੋਂ ਬਾਹਰ ਕੱਢ ਦੇ।" ਦੋ ਦਿਨ ਦੇ ਡਰੇ ਹੋਏ ਮਹਾਰਾਜੇ ਨੇ ਉਸੇ ਵਕਤ ਹੀ ਜ਼ੇਲ੍ਹ ਦੇ ਦਰੋਗੇ ਨੂੰ ਅੱਧੀ ਰਾਤ ਨੂੰ ਟੈਲੀਫੋਨ ਕੀਤਾ "ਭਾਗੀ ਵਾਂਦਰ ਦੇ ਸ਼ੇਰ ਸਿੰਘ ਨੂੰ ਇਸੇ ਵਕਤ ਹੀ ਜ਼ੇਲ੍ਹ ਵਿੱਚੋਂ ਬਾਹਰ ਕਢੋਂ। ਉਪਰੰਤ ਵਿੱਚ ਜ਼ੇਲ੍ਹ ਦੇ ਇੰਚਾਰਜ ਨੇ ਮਹਾਰਾਜੇ ਨੂੰ ਦੱਸਿਆ ਕਿ ਸਰਕਾਰ ਉਸਦੀ ਤਾਂ ਅਜੇ ਕੈਦ ਬਾਕੀ ਰਹਿੰਦੀ ਹੈ। ਉੱਤਰ ਵਿੱਚ ਰਾਜੇ ਨੇ ਕਿਹਾ "ਨਹੀਂ, ਉਸਨੂੰ ਹੁਣੇ ਬਾਹਰ ਕਢੋ ਤੇ ਮੈਨੂੰ ਪਤਾ ਦਿਓ ਕੱਢਿਆ ਹੈ ਕਿ ਨਹੀਂ"। ਉਸੇ ਵਕਤ ਹੀ ਜ਼ੇਲ੍ਹ ਦੇ ਇੰਚਾਰਜ ਨੇ ਸ਼ੇਰ ਸਿੰਘ ਨੂੰ ਜਾ ਦੱਸਿਆ ਕਿ ਸ਼ੇਰ ਸਿੰਘ ਮੈਨੂੰ ਮਹਾਰਾਜੇ ਨੇ ਹੁਕਮ ਕੀਤਾ ਹੈ ਤੈਨੂੰ ਹੁਣੇ ਜ਼ੇਲ੍ਹ ਵਿੱਚੋਂ ਬਾਹਰ ਜਾਣਾ ਪਵੇਗਾ। ਉਪਰੰਤ ਸ਼ੇਰ ਸਿੰਘ ਡਰਦਾ ਜ਼ੇਲ੍ਹ ਚੋਂ ਬਾਹਰ ਨਾ ਨਿਕਲੇ। ਕਹੇ ਅੱਧੀ ਰਾਤ ਮੈਂ ਕਿਧਰ ਨੂੰ ਜਾਵਾਂ। ਜ਼ੇਲ੍ਹ ਇੰਚਾਰਜ ਕਹਿਣ ਲੱਗਾ ਮੈਨੂੰ ਤਾਂ ਮਹਾਰਾਜੇ ਵਲੋਂ ਹੁਕਮ ਹੋਇਆ ਹੈ। ਮੈਂ ਤੈਨੂੰ ਰੱਖ ਨਹੀਂ ਸਕਦਾ। ਤੂੰ ਜ਼ੇਲ੍ਹ ਵਿੱਚੋਂ ਬਾਹਰ ਹੋ ਕੇ ਬੇ-ਸ਼ੱਕ ਜ਼ੇਲ੍ਹ ਦੀ ਕੰਧ ਨਾਲ ਲੱਗ ਕੇ ਬਾਕੀ ਰਾਤ ਕੱਟ ਲੈ। ਖੈਰ ਉਸੇ ਸਮੇਂ ਹੀ ਸ਼ੇਰ ਸਿੰਘ ਨੂੰ ਬਾਹਰ ਨਿਕਲਣਾ ਪਿਆ।

**ਅਪੁਨੇ ਸੇਵਕ ਕੀ ਆਪੇ ਰਾਖੈ ਆਪੇ ਨਾਮੁ ਜਪਾਵੈ**
**ਜਹ ਜਹ ਕਾਜ ਕਿਰਤਿ ਸੇਵਕ ਕੀ**
**ਤਹਾ ਤਹਾ ਉਠਿ ਧਾਵੈ ॥੧॥**
**ਸੇਵਕ ਕਉ ਨਿਕਟੀ ਹੋਇ ਦਿਖਾਵੈ**
**ਜੋ ਜੋ ਕਹੈ ਠਾਕੁਰ ਪਹਿ ਸੇਵਕੁ ਤਤਕਾਲ ਹੋਇ ਆਵੈ ॥1॥**

(ਅੰਗ ੪੦੩)

ਵਾਲਾ ਬਚਨ ਪ੍ਰਤੱਖ ਵਰਤਿਆ ਕਰਦਾ ਸਭ ਕੁਝ ਵਾਹਿਗੁਰੂ ਹੀ ਹੈ ਪਰੰਤੂ ਪ੍ਰਤੱਖ ਕਿਸੇ ਮਹਾਂ ਪੁਰਖ ਰਾਹੀਂ ਹੁੰਦਾ ਹੈ।

ਇਹ ਪ੍ਰਸੰਗ ਸ਼ੇਰ ਸਿੰਘ ਕੌਡਾ ਰਾਕਸ਼ ਦੇ ਭਤੀਜੇ ਮੇਹਰ ਸਿੰਘ ਦੇ ਪੁੱਤਰ ਮੱਲ ਸਿੰਘ ਭਾਗੀ ਵਾਂਦਰ ਵਾਲੇ ਨੇ ਲਿਖਾਇਆ।

# ਸਤਿਗੁਰ ਸਿਖ ਕੀ ਕਰੈ ਪ੍ਰਤਿਪਾਲ ॥

(ਅੰਗ ੨੮੬)

**ਜੋ ਜਨ ਪਾਰਬ੍ਰਹਮਿ ਅਪਨੇ ਕੀਨੇ ਤਿਨ**
**ਕਾ ਬਾਹੁਰਿ ਕਛੁ ਨਾ ਬੀਚਾਰ-ਰਾਗ ਟੋਡੀ ਮ. ੫॥**

ਮਹਾਂ ਪੁਰਖ ਸੇਵਕ ਦਾ ਗੁਣ ਅਵਗੁਣ ਨਹੀਂ ਵੇਖਦੇ ਹਰ ਵੇਲੇ ਮਿਹਰ ਦੇ ਘਰ ਵਿੱਚ ਰਹਿ ਕੇ ਦੁਨਿਆਵੀਂ ਪਦਾਰਥਾਂ ਵਲੋਂ ਘਾਟਾ ਨਹੀਂ ਆਉਣ ਦਿੰਦੇ। ਭਾਗੀ ਵਾਂਦਰ ਵਾਲੇ ਸਾਰੇ ਭਰਾਵਾਂ ਨੂੰ ਬਾਬਾ ਜੀ ਨੇ ਸਦਾ ਆਪਣੀ ਹਜ਼ੂਰੀ ਵਿੱਚ ਰੱਖਿਆ। ਜੇ ਇੱਕ ਭਰਾ ਛੁੱਟੀ ਲੈ ਕੇ ਘਰ ਗਿਆ ਤਾਂ ਦੂਜੇ ਨੂੰ ਸੇਵਾ ਵਿੱਚ ਹਾਜ਼ਰ ਕਰਕੇ ਪਹਿਲੇ ਨੂੰ ਛੁੱਟੀ ਦੇ ਦਿੱਤੀ। ਇਹ ਸਾਰੇ ਪ੍ਰੇਮ ਵਾਲੇ ਸਨ। ਜਿਹੜਾ ਵੀ ਬਾਬਾ ਜੀ ਨਿਤਨੇਮ ਬਖ਼ਸ਼ਦੇ ਸਨ, ਸਾਰੇ ਹੁਕਮ ਮੰਨ ਕੇ ਬਾਣੀ ਪੜ੍ਹਦੇ ਰਹਿੰਦੇ ਸਨ। ਇੱਕ ਦਿਨ ਭਾਈ ਸਰਵਣ ਸਿੰਘ ਦੀ ਇੱਕ ਮੱਝ ਦੁਧ ਦੇਣ ਤੋਂ ਹਟ ਗਈ ਉਸਨੂੰ ਮਲੂਕੇ ਤੋਂ ਲੈ ਕੇ ਭਾਗੀ ਵਾਂਦਰ ਛੱਡਣ ਜਾ ਰਿਹਾ ਸੀ। ਰਸਤੇ ਵਿੱਚ ਭੁਚੋ ਰੁੰਮੀ ਵਾਲੇ ਡੇਰੇ ਬਾਬਾ ਜੀ ਦੇ ਦਰਸ਼ਨ ਕਰਨ ਲਈ ਰੁਕਿਆ। ਉਪਰੰਤ ਬਾਬਾ ਜੀ ਦੇ ਪੁੱਛਣ ਤੇ ਸਰਵਣ ਸਿੰਘ ਨੇ ਦੱਸਿਆ ਕਿ ਮਹਾਰਾਜ ਮੇਰੀ ਮੱਝ ਦੁੱਧ ਦੇਣ ਤੋਂ ਹਟ ਗਈ ਹੈ, ਇਸਨੂੰ ਭਾਗੀ ਵਾਂਦਰ ਛੱਡਣ ਜਾ ਰਿਹਾ ਹਾਂ। ਉਪਰੰਤ ਬਾਬਾ ਜੀ ਨੇ ਬਚਨ ਕੀਤਾ "ਇਸ ਮੈਂਹ ਨੂੰ ਪਾਣੀ ਦੇ ਛਿੱਟੇ ਮਾਰ ਕੇ ਚੋ ਲਿਆ ਕਰੋ"। ਜਿਸ ਮੱਝ ਨੂੰ ਅੱਗੇ ਕੁੱਟ ਕੇ ਜਾ ਰੱਸਾਂ ਪੈਰਾਂ ਨੂੰ ਪਾ ਕੇ ਬੜੇ ਯਤਨ ਕੀਤੇ ਫਿਰ ਵੀ ਦੁੱਧ ਨਹੀਂ ਸੀ ਦਿੰਦੀ ਬਚਨ ਅਨੁਸਾਰ ਭਾਗੀ ਵਾਂਦਰ ਨਗਰ ਜਾ ਕੇ ਪਾਣੀ ਦੇ ਛਿੱਟੇ ਮਾਰ ਕੇ ਤਕਰੀਬਨ ਤਿੰਨ ਮਹੀਨੇ ਪੂਰਾ ਦੁੱਧ ਦਿੱਤਾ। ਨਾਗਾ ਨਹੀਂ ਪਾਇਆ। ਇਹ ਸੀ ਬਾਬਾ ਹਰਿਨਾਮ ਸਿੰਘ ਜੀ ਦੇ ਇੱਕ ਸਧਾਰਨ ਤੌਰ ਤੇ ਕੀਤੇ ਬਚਨ ਦਾ ਪ੍ਰਤੱਖ ਪ੍ਰਭਾਵ।

**ਸਤਿ ਬਚਨ ਸਾਧੂ ਉਪਦੇਸ਼॥ ਸਤਿ ਤੇ ਜਨ ਜਾ ਕੈ ਰਿਦੈ ਪ੍ਰਵੇਸ॥**

(ਗਉੜੀ ਸੁਖਮਨੀ ਮ. ੫, ਅੰਗ ੨੮੪)

ਇਹ ਪ੍ਰਸੰਗ ਮੇਹਰ ਸਿੰਘ ਦੇ ਪੁੱਤਰ ਮੱਲ ਸਿੰਘ ਭਾਗੀ ਵਾਂਦਰ ਵਾਲੇ ਪਾਸੋਂ ਮਿਲਿਆ।

## ਮਾਰੈ ਰਾਖੈ ਏਕੋ ਆਪਿ ॥
## ਮਾਨੁਖ ਕੈ ਕਿਛੁ ਨਾਹੀ ਹਾਥਿ ॥

(ਅੰਗ ੨੮੧)

ਲੜਾਈ, ਝਗੜਾ, ਕਤਲ ਕਦੇ ਇੱਕ ਨੇ ਕੀਤਾ। ਫਿਰ ਦੂਜੇ ਨੇ ਪਹਿਲੇ ਧਿਰ ਦਾ ਕਤਲ ਕੀਤਾ। ਫਿਰ ਇਸ ਲੜਾਈ ਵਿੱਚ ਕਈ ਪਿੰਡ ਅਤੇ ਖਾਨਦਾਨ ਤਬਾਹ ਹੋ ਚੁੱਕੇ ਹਨ ਅਤੇ ਹੋ ਰਹੇ ਹਨ। ਬਾਬਾ ਜੀ ਕਿਸੇ ਸੇਵਕ ਉਪਰ ਐਸਾ ਸਮਾਂ ਆਉਣ ਬਣੇ ਤੋਂ ਕਿਵੇਂ ਰੱਖਿਆ ਕਰਦੇ ਰਹੇ ਹਨ। "ਅਨਿਕ ਬਿਘਨ ਤੇ ਸਾਧੂ ਰਾਖੈ" ਦੀ ਪ੍ਰਤੱਖ ਮਿਸਾਲ ਸੈਂਕੜੇ ਹਜ਼ਾਰਾਂ ਵਿੱਚੋਂ ਇੱਕ ਪ੍ਰਸੰਗ ਹੈ। ਭਾਗੀ ਵਾਂਦਰ ਵਾਲੇ ਛੇ ਭਰਾ ਸ਼ੇਰ ਸਿੰਘ, ਬੱਗਾ ਸਿੰਘ, ਨਿੱਕਾ ਸਿੰਘ, ਸਰਵਣ ਸਿੰਘ, ਸੱਦਾ ਸਿੰਘ, ਨਰੈਣ ਸਿੰਘ, ਆਦਿਕ ਸਨ। ਨਰੈਣ ਸਿੰਘ ਭਾਗੀ ਵਾਂਦਰ ਪਿੰਡ ਵਿੱਚ ਰਹਿੰਦਾ ਸੀ। ਪਿੰਡ ਵਿੱਚ ਕਿਸੇ ਨਾਲ ਇਨ੍ਹਾਂ ਦੀ ਨਰਾਜਗੀ ਸੀ। ਓਹ ਪਾਰਟੀ ਨਿਕਾ ਸਿੰਘ ਹੋਰਾਂ ਦੇ ਘਰ ਅੱਗੇ ਆਕੇ ਲਲਕਾਰੇ ਮਾਰਨ ਲੱਗ ਪਈ। ਅੱਗੋਂ ਇਹ ਵੀ ਤਿਆਰ ਹੋ ਗਏ। ਪਰੰਤੂ ਇਨ੍ਹਾਂ ਨਿਕਾ ਸਿੰਘ ਹੋਰਾਂ ਕੋਲ ਇੱਕ ਦੋ ਨਾਲੀ ਬੰਦੂਕ ਸੀ। ਇਨ੍ਹਾਂ ਵਿੱਚੋਂ ਇੱਕ ਭਾਈ ਬੰਦੂਕ ਲੈ ਕੇ ਕੋਠੇ ਉਪਰ ਚੜ੍ਹ ਗਿਆ। ਜਿਸਦਾ ਨਾਮ ਨਰੈਣ ਸਿੰਘ ਸੀ। ਦੱਸ, ਇਸਦੇ ਪਾਸ ਕਾਰਤੂਸ ਸਨ। ਨਰੈਣ ਸਿੰਘ ਕੋਠੇ ਉਪਰੋਂ ਦੋ ਕੁ ਕਾਰਤੂਸ ਪਾਕੇ ਫਾਇਰ ਕਰਨ ਦੀ ਕੋਸ਼ਿਸ਼ ਕਰੇ। ਨੇਤ ਨਿਰੰਕਾਰ ਦੀ ਐਸੀ ਹੋਈ ਦਸੇ ਹੀ ਕਾਰਤੂਸ ਮਿਸ ਹੋ ਗਏ। ਰੌਲਾ ਗੋਲਾ ਬਹੁਤ ਪਿਆ। ਅਖੀਰ ਨਰੈਣ ਸਿੰਘ ਦੇ ਮਨ ਵਿੱਚ ਬੜੀ ਹੈਰਾਨੀ ਹੋਈ ਕਿ ਦੁਸ਼ਮਣ ਘਰ ਅੱਗੇ ਆ ਕੇ ਸੁੱਕਾ ਹੀ ਨਿਕਲ ਗਿਆ। ਇੱਕ ਵਾਰ ਤਾਂ ਹਟਾ ਦਿੱਤੇ ਗਏ ਪਰੰਤੂ ਨਰੈਣ ਸਿੰਘ ਹੋਰਾਂ ਦੇ ਮਨ ਵਿੱਚ ਬਦਲੇ ਦੀ ਅੱਗ ਮਚਦੀ ਰਹੀ। ਮਨ ਵਿੱਚ ਸੋਚਿਆ ਇਹ ਦੱਸ ਕਾਰਤੂਸ ਤਾਂ ਮਾੜੇ ਹਨ ਰੌਂਦ ਲਿਆ ਕੇ

ਇਨ੍ਹਾਂ ਦਾ ਮੁਕਾਬਲਾ ਕਰੀਏ। ਬਦਲਾ ਲਈਏ। ਇਸ ਖਿਆਲ ਅਨੁਸਾਰ ਕੁਝ ਕਾਰਤੂਸ ਹੋਰ ਕਿਤੋਂ ਲਏ। ਮੁੜਕੇ ਵਾਪਸ ਆਉਣ ਸਮੇਂ ਬਾਬਾ ਮਹਾਂ ਹਰਿਨਾਮ ਸਿੰਘ ਜੀ ਪਾਸ ਭੁਚੋਂ ਮੱਥਾ ਟੇਕਣ ਗਏ। ਇਨ੍ਹਾਂ ਦੇ ਉਥੇ ਜਾਣ ਸਮੇਂ ਤਤਕਾਲ ਬਾਬਾ ਜੀ ਨੇ ਬਚਨ ਕੀਤਾ ਕਿ "ਤੁਸੀ ਐਵੇਂ ਹੀ ਭੱਜੇ ਫਿਰਦੇ ਹੌਂ ਤੁਹਾਡੇ ਕਾਰਤੂਸਾਂ ਨੂੰ ਕੁਝ ਨਹੀਂ ਹੋਇਆ। ਓਹ ਤਾਂ ਅਸੀਂ ਤੁਹਾਨੂੰ ਸੰਗੀ ਜਾਣ ਕੇ ਬਲਦੀ ਅੱਗ ਵਿੱਚੋਂ ਰੱਖਿਆ ਹੈ"।

**ਮਾਨਸ ਜਤਨ ਕਰਤ ਬਹੁ ਭਾਤਿ।**
**ਤਿਸਕੇ ਕਰਤਬ ਬਿਰਥੇ ਜਾਤਿ।**

ਤੁਹਾਡੇ ਪਰਿਵਾਰ ਦੀ ਰੱਖਿਆ ਕੀਤੀ ਹੈ। ਤੁਹਾਡੇ ਕਾਰਤੂਸਾਂ ਨੂੰ ਕੁਝ ਨਹੀਂ ਹੋਇਆ। ਹੁਣ ਚਲਾ ਕੇ ਦੇਖੋ। ਹੁਕਮ ਅਨੁਸਾਰ ਬਾਹਰ ਐਵੇਂ ਹੀ ਚਲਾਏਂ ਤਾਂ ਚੱਲ ਗਏ। ਆਖਿਰ ਨੂੰ ਬਾਬਾ ਜੀ ਨੇ ਮਿਹਰ ਦੀ ਨਿਗਾਂਹ ਕਰਕੇ ਇਨ੍ਹਾਂ ਦੇ ਕਰੋਧ ਨੂੰ ਸ਼ਾਂਤ ਕੀਤਾ ਤੇ ਫਿਰ ਇਹ ਅਰਾਮ ਨਾਲ ਵਸੇ। ਕਲ ਕਲੇਸ਼ ਗੁਰ ਸ਼ਬਦ ਨਿਵਾਰੇ॥ ਇਸ ਤਰ੍ਹਾਂ ਸੰਗੀਆਂ ਸੇਵਕਾਂ ਦੀ ਰੱਖਿਆ ਕਰਦੇ ਸਨ। ਧੰਨ ਬਾਬਾ ਮਹਾਂ ਹਰਿਨਾਮ ਸਿੰਘ ਜੀ ਮਹਾਰਾਜ।

ਇਹ ਪ੍ਰਸੰਗ ਵੀ ਮੇਹਰ ਸਿੰਘ ਦੇ ਪੁੱਤਰ ਮੱਲ ਸਿੰਘ ਭਾਗੀ ਵਾਂਦਰ ਵਾਲੇ ਨੇ ਲਿਖਾਇਆ।

## ਤਉ ਜੇਵਡੁ ਦਾਤਾਰੁ ਨ ਕੋਈ
## ਜਾਚਕੁ ਸਦਾ ਜਾਚੋਵੈ

(ਅੰਗ ੯੬੪)

ਲੈਣਾ, ਦੇਣਾ, ਜੰਮਣਾ, ਮਰਨਾ ਵਾਹਿਗੁਰੂ ਦੇ ਹੱਥ ਹੈ। ਪਰੰਤੂ ਮਹਾਂ ਪੁਰਖ ਦੀ ਸੇਵਾ ਅਤੇ ਸਿਮਰਨ ਜ਼ਿੰਦਗੀ ਵਿੱਚ ਹਰ ਪਾਸੇ ਤੋਂ ਨਿਰਾਸ਼ ਹੋਏ ਬੰਦੇ ਦੀਆਂ ਆਸਾਂ ਪੂਰਨ ਕਰਨ ਵਿੱਚ ਕਮਾਨੋ ਟੁੱਟੀ ਹੋਈ ਨੂੰ ਫਿਰ ਤੋਂ ਜੀਵਨ ਬਖਸ਼ ਦਿੰਦੇ ਹਨ। ਭੁੱਚੋਂ ਨਗਰ ਦਾ ਇੱਕ ਦਰਜ਼ੀ ਸਿੱਖ ਸੀ ਜਿਸਦਾ ਨਾਮ ਦੇਵਾ ਸਿੰਘ ਸੀ। ਇਨ੍ਹਾਂ ਦੀ ਲੜਕੀ ਮਲੂਕੇ ਨਗਰ ਵਿਆਹੀ ਹੋਈ

ਸੀ। ਉਸ ਬਜ਼ੁਰਗ ਦਾ ਨਾਮ ਸ੍ਰ. ਬੁੱਧ ਸਿੰਘ ਸੀ। ਉਸਦੇ ਪਹਿਲੇ ਦੋ ਪੁੱਤਰ ਚੰਨਣ ਸਿੰਘ ਤੇ ਫੁੰਮਣ ਸਿੰਘ ਅੱਠ ਸਾਲ ਤੇ ਪੰਜਾ ਸਾਲ ਦੀ ਉਮਰ ਵਿੱਚ ਅੱਠ ਦਿਨ ਦੇ ਫਰਕ ਨਾਲ ਗੁਜਰ ਗਏ। ਸ੍ਰ. ਬੁੱਧ ਸਿੰਘ ਮਨ ਵਿੱਚ ਉਦਾਸ ਹੋਇਆ ਇੱਕ ਵਾਰ ਭੁੱਚੋ ਨਗਰ ਆਪਣੇ ਸਹੁਰੇ ਘਰ ਆਇਆ। ਸਹੁਰਿਆਂ ਦੀ ਪ੍ਰੇਰਨਾ ਨਾਲ ਬਾਬਾ ਮਹਾਂ ਹਰਿਨਾਮ ਸਿੰਘ ਜੀ ਦੇ ਦਰਸ਼ਨ ਕਰਨ ਆਇਆ। ਭਾਈ ਬੁੱਧ ਸਿੰਘ ਦੇ ਪਰਿਵਾਰ ਨੇ ਸਭ ਕੁਝ ਦੱਸ ਕੇ ਤੋਰਿਆ ਸੀ। ਕਿ ਜੋ ਕਹਿਣ ਤੂੰ "ਸੱਤ ਬਚਨ ਕਰੀ ਜਾਂਈ"। ਕਈ ਵਾਰ ਉਠਾ ਕੇ ਬਿਠਾ ਕੇ ਸ਼ਰਾ ਕਰਵਾਈ ਨਾਮ ਵੀ ਪੁੱਛੇ ਲਿਖਾਏ। ਠੀਕ ਇਸ ਸਮੇਂ ਸੰਤ ਬਹਾਲ ਦਾਸ ਜੱਸੀ ਪੌਂ ਵਾਲੇ ਆ ਗਏ। ਸੰਤ ਬਹਾਲ ਦਾਸ ਜੀ ਨੂੰ ਉਸ ਸਮੇਂ ਹੀ ਚੰਦਾ ਸਿੰਘ ਦੇ ਘਰ ਜਾ ਕੇ ਇਸ਼ਨਾਨ ਕਰਨ ਦਾ ਹੁਕਮ ਹੋਇਆ। ਹੁਕਮ ਅਨੁਸਾਰ ਬਹਾਲ ਦਾਸ ਜੀ ਭਾਈ ਚੰਦਾ ਸਿੰਘ ਸਿੱਖ ਦੇ ਘਰ ਚਲੇ ਗਏ। ਪਿਛੋਂ ਹੀ ਮਲੂਕੇ ਵਾਲੇ ਬੁੱਧ ਸਿੰਘ ਨੂੰ ਵੀ ਬਹਾਲ ਦਾਸ ਜੀ ਦੇ ਪਿੱਛੇ ਜਾਣ ਦਾ ਹੁਕਮ ਹੋਇਆ। ਤੁਰੰਤ ਹੀ ਬੁੱਧ ਸਿੰਘ ਭਾਈ ਚੰਦਾ ਸਿੰਘ ਦੇ ਘਰ ਜਾ ਕੇ ਪਹੁੰਚਿਆ। ਅੱਗੇ ਬਹਾਲ ਦਾਸ ਜੀ ਇਸ਼ਨਾਨ ਕਰਨ ਲੱਗੇ ਸਨ। ਬੁੱਧ ਸਿੰਘ ਨੇ ਵੀ ਜਾ ਮੱਥਾ ਟੇਕਿਆ। ਤੁਰੰਤ ਹੀ ਬਹਾਲ ਦਾਸ ਜੀ ਨੇ ਬਚਨ ਕੀਤਾ ਭਾਈ ਜੋ ਕੁਝ ਕਰਨਾ ਹੈ ਬਾਬਾ ਜੀ ਨੇ ਕਰਨਾ ਹੈ। ਸਾਡਾ ਤਾਂ ਇੱਕ ਬਹਾਨਾ ਹੀ ਹੈ। ਉਪਰੰਤ ਬੁੱਧ ਸਿੰਘ ਬਾਬਾ ਜੀ ਪਾਸ ਡੇਰੇ ਪਹੁੰਚਿਆ। ਫਿਰ ਬੁੱਧ ਸਿੰਘ ਨੂੰ ਘਰ ਚਲੇ ਜਾਣ ਦਾ ਹੁਕਮ ਹੋਇਆ। ਉਪਰੰਤ ਬੁੱਧ ਸਿੰਘ ਦੇ ਘਰ ਚਾਰ ਲੜਕੀਆਂ ਬਸੰਤ ਕੌਰ, ਪੰਜਾਬ ਕੌਰ, ਭਗਵਾਨ ਕੌਰ, ਗੁਰਨਾਮ ਕੌਰ ਹੋਈਆਂ। ਫਿਰ ਮਨ ਵਿੱਚ ਹੋਰ ਵੀ ਉਦਾਸੀ ਆ ਗਈ। ਇਸ ਦੀ ਸੱਸ ਮਹਾਂ ਕੌਰ ਨੇ ਪ੍ਰੇਰ ਕੇ ਫਿਰ ਬਾਬਾ ਜੀ ਪਾਸ ਭੇਜਿਆ। ਹਜ਼ੂਰ ਨੇ ਸਾਰੀ ਮਰਿਯਾਦਾ ਕਰਾਈ। ਗਰਮੀ ਦਾ ਮੌਸਮ ਧੁੱਪ ਬੜੀ ਲੱਗੀ ਪਰ ਮਨ ਨਹੀਂ ਡੋਲਿਆ। ਥੋੜ੍ਹਾ ਜਿਹਾ ਦਿਨ ਖੜੇ ਕੇ ਇਸ ਬੁੱਧ ਸਿੰਘ ਨੂੰ ਹੁਕਮ ਕੀਤਾ "ਤੂੰ ਇਸੇ ਵਕਤ ਹੀ ਮਲੂਕੇ ਪਹੁੰਚ ਜਾ ਤੇ ਮਲੂਕੇ ਤੋਂ ਹਾਕਮ ਸਿੰਘ ਗਿੱਲ ਨੂੰ ਤੁਰੰਤ ਹੀ ਸਾਡੇ ਕੋਲ ਭੇਜ ਦੇਈਂ"। ਬੁੱਧ ਸਿੰਘ ਨੇ ਬੇਨਤੀ ਕੀਤੀ ਮਹਾਰਾਜ ਮੇਰੀ ਸੋਟੀ ਤੇ ਚਾਦਰ ਦੇਵਾ ਸਿੰਘ

ਦੇ ਘਰ ਪਈ ਹੈ। ਉਪਰੰਤ ਬਾਬਾ ਜੀ ਨੇ ਹੁਕਮ ਕੀਤਾ "ਆਪਣੀ ਸੋਟੀ ਤੇ ਚਾਦਰ ਵੀ ਦਲੀਜ ਵਿੱਚ ਖੜ੍ਹ ਕੇ ਘਰੋਂ ਬਾਹਰ ਹੀ ਮੰਗ ਲੈਣੀ। ਤੇ ਤੂੰ ਪਾਣੀ ਵੀ ਘਰੋਂ ਬਾਹਰ ਖੜ੍ਹ ਕੇ ਪੀਣਾ ਹੈ। ਰਾਤ ਮਲੂਕੇ ਜਾ ਕੇ ਰਹਿਣਾ ਹੈ।" ਸਤ ਬਚਨ ਕਹਿ ਕੇ ਬੁੱਧ ਸਿੰਘ ਘਰੋਂ ਬਾਹਰ ਚਾਦਰ ਸੋਟੀ ਲੈ ਕੇ ਮਲੂਕੇ ਤੁਰ ਕੇ ਪਹੁੰਚਿਆ। ਹੁਕਮ ਅਨੁਸਾਰ ਆਪਣੇ ਘਰ ਜਾਣ ਤੋਂ ਪਹਿਲਾਂ ਹਾਕਮ ਸਿੰਘ ਗਿੱਲ ਦੇ ਘਰ ਜਾ ਕੇ ਉਸਨੂੰ ਬਾਬਾ ਜੀ ਦਾ ਸੁਨੇਹਾ ਦਿੱਤਾ ਕਿ ਤੈਨੂੰ ਬਾਬਾ ਜੀ ਨੇ ਭੁੱਚੋ ਯਾਦ ਕੀਤਾ ਹੈ। ਅੱਗੇ ਹਾਕਮ ਸਿੰਘ ਰੋਟੀ ਖਾਣ ਹੀ ਲੱਗਾ ਸੀ। ਪਹਿਲੀ ਬੁਰਕੀ ਮੂੰਹ ਵਿੱਚ ਵੀ ਨਹੀਂ ਸੀ ਪਾਈ। ਬਾਬਾ ਜੀ ਦਾ ਸੁਨੇਹਾ ਮਿਲਣ ਸਾਰ ਹੀ ਰੋਟੀ ਛੱਡ ਕੇ ਤੁਰ ਪਿਆ। ਕੁਝ ਸਮੇਂ ਬਾਅਦ ਬਾਬਾ ਜੀ ਨੇ ਸ੍ਰੀ ਰਾਮ ਸਿੰਘ ਤੇ ਚੰਦਾ ਸਿੰਘ ਘੁਮਿਆਰ ਬੁੱਧ ਸਿੰਘ ਦੇ ਘਰ ਭੇਜੇ। ਇਨ੍ਹਾਂ ਕੋਲ ਬਾਬਾ ਜੀ ਦੀ ਇੱਕ ਖੱਦਰ ਦੀ ਚਾਦਰ ਖਰਬੂਜੇ ਵਰਗੀ ਗੋਲ ਖੁੱਦੋ ਜਿਹੀ ਬਣਾਈ ਹੋਈ ਸੀ। ਜਦੋਂ ਬੁੱਧ ਸਿੰਘ ਨੇ ਉਹ ਖੋਲ੍ਹੀ ਤਾਂ ਵਿੱਚੋਂ ਇੱਕ ਰੁਪਈਆ ਨਿਕਲਿਆ। ਉਪਰੰਤ ਬੁੱਧ ਸਿੰਘ ਦੇ ਘਰ ਲੜਕਾ ਹੋਇਆ ਜਿਸਦਾ ਨਾਮ ਜਵਾਹਰ ਸਿੰਘ ਰੱਖਿਆ। ਲੜਕਾ ਹੋਣ ਤੋਂ ਕੁਝ ਸਮਾਂ ਬਾਅਦ ਬੁੱਧ ਸਿੰਘ ਬਾਬਾ ਜੀ ਪਾਸ ਭੁੱਚੋ ਦਰਸ਼ਨ ਕਰਨ ਆਇਆ। ਨਾਲ ਹੀ ਇੱਕ ਰੁਪਈਆ ਅਤੇ ਖੱਦਰ ਦੀ ਓਹੀ ਚਾਦਰ ਮੋੜਨ ਲਈ ਲੈ ਆਇਆ। ਉਪਰੰਤ ਬਾਬਾ ਜੀ ਨੇ ਖੱਦਰ ਦੀ ਚਾਦਰ ਤਾਂ ਰੱਖ ਲਈ, ਰੁਪਈਆ ਬੁੱਧ ਸਿੰਘ ਨੂੰ ਮੋੜ ਦਿੱਤਾ ਤੇ ਹੁਕਮ ਕੀਤਾ "ਇਸਨੂੰ ਘਰ ਖਜਾਨੇ ਵਿੱਚ ਰੱਖੋ।" ਇਸ ਸਮੇਂ ਬੁੱਧ ਸਿੰਘ ਦੇ ਮਨ ਵਿੱਚ ਵਿਚਾਰ ਆਇਆ। ਇੱਕ ਪੁੱਤਰ ਹੋਰ ਹੋ ਜਾਏ। ਉਸਦੇ ਮਨ ਦੀ ਭਾਵਨਾ ਦੇਖ ਕੇ ਅੰਤਰਜਾਮੀ ਬਾਬਾ ਜੀ ਨੇ ਬਚਨ ਕੀਤਾ "ਇਕ ਪੁੱਤਰ ਹੀ ਬਹੁਤ ਹੈ, ਬਹੁਤਾ ਲਾਲਚ ਨਹੀਂ ਕਰੀਦਾ"

ਇਸ ਸਮੇਂ ਵੀ ਇਹ ਰੁਪਈਆ ਬੁੱਧ ਸਿੰਘ ਦੇ ਪਰਿਵਾਰ ਕੋਲ ਹੈ।

ਇਹ ਬਚਨ ਬੁੱਧ ਸਿੰਘ ਦੇ ਪੁੱਤਰ ਜਵਾਹਰ ਸਿੰਘ ਮਲੂਕਾ ਨਿਵਾਸੀ ਨੇ ਲਿਖਾਇਆ।

# ਨਉ ਨਿਧਿ ਤੇਰੈ ਸਗਲ ਨਿਧਾਨ ॥
# ਇਛਾ ਪੂਰਕੁ ਰਖੈ ਨਿਦਾਨ ॥

(ਅੰਗ ੩੭੬)

ਬਾਬਾ ਮਹਾਂ ਹਰਿਨਾਮ ਸਿੰਘ ਜੀ ਪਾਸ ਦੁਨਿਆਵੀਂ ਪਦਾਰਥਾਂ ਦੇਣ ਲੈਣ ਵਾਲਿਆਂ ਦੀ ਹਰ ਸਮੇਂ ਭੀੜ ਲੱਗੀ ਹੁੰਦੀ ਸੀ। ਇਸ ਦਰ ਤੋਂ ਕੋਈ ਖਾਲੀ ਨਹੀਂ ਮੁੜਿਆ।

ਪਿਛਲੇ ਪ੍ਰਸੰਗ ਨਾਲ ਮਿਲਦਾ ਇੱਕ ਹੋਰ ਪ੍ਰਸੰਗ ਪੜੋ। ਪਿੰਡ ਪਖੋਂ ਕਲਾਂ ਤੋਂ ਇੱਕ ਗੁਰਮੁਖ ਸੀ ਜਿਸਦਾ ਨਾਮ ਗੰਗਾ ਸਿੰਘ ਸੀ। ਇਸਦੇ ਪੰਜ ਲੜਕੇ ਸਨ। ਜਿਨ੍ਹਾਂ ਵਿੱਚੋਂ ਚਾਰ ਅਚਾਨਕ ਹੀ ਥੋੜ੍ਹੇ ਸਮੇਂ ਵਿੱਚ ਮਰ ਗਏ। ਭੁੱਚੋਂ ਤੋਂ ਹਰਿਨਾਮ ਸਿੰਘ ਮਾਨ ਇਨ੍ਹਾਂ ਦਾ ਰਿਸ਼ਤੇਦਾਰ ਸੀ ਕਿਸੇ ਵਕਤ ਗੰਗਾ ਸਿੰਘ ਭੁੱਚੋਂ ਹਰਿਨਾਮ ਸਿੰਘ ਕੋਲ ਆਇਆ ਉਪਰੰਤ ਚਾਰ ਬੱਚੇ ਮਰ ਜਾਣ ਦਾ ਬੜਾ ਸ਼ੋਕ ਮੰਨਿਆ। ਕਹਿਆ ਕਿ ਚਾਰ ਮੁੰਡੇ ਮਰ ਗਏ ਹਨ। ਇੱਕ ਹੀ ਬਚਿਆ ਹੈ। ਇਸਦਾ ਵੀ ਮੇਰੇ ਮਨ ਵਿੱਚ ਬੜਾ ਫਿਕਰ ਹੈ ਕਿ ਕੀ ਬਣੇਗਾ। ਇਹ ਗੱਲ ਸੁਨਣ ਤੋਂ ਬਾਅਦ ਗੰਗਾ ਸਿੰਘ ਨੂੰ ਹਰਿਨਾਮ ਸਿੰਘ ਮਾਨ ਕੇ ਕਿਹਾ, ਐਥੇ ਸਾਡੇ ਪਿੰਡ ਸੰਤ ਬਾਬਾ ਜੀ ਹਨ। ਸਭ ਲੋਕ ਉਥੇ ਜਾਂਦੇ ਹਨ ਤੇ ਆਪਾਂ ਵੀ ਉਨ੍ਹਾਂ ਕੋਲ ਚੱਲੀਏ। ਇਸ ਤਰ੍ਹਾਂ ਵਿਚਾਰ ਕਰਕੇ ਹਰਿਨਾਮ ਸਿੰਘ ਮਾਨ ਅਤੇ ਗੰਗਾ ਸਿੰਘ, ਇੱਕ ਗੰਗਾ ਸਿੰਘ ਦਾ ਲੜਕਾ, ਗੁਰਬਚਨ ਸਿੰਘ ਉਮਰ ਦੱਸ ਜਾਂ ਬਾਰਾਂ ਸਾਲ ਉਹ ਵੀ ਨਾਲ ਸੀ। ਮਿਲਕੇ ਤਿੰਨ ਜਣੇ ਬਾਬਾ ਜੀ ਪਾਸ ਰੂੰਮੀ ਵਾਲੇ ਡੇਰੇ ਪਹੁੰਚੇ। ਸੇਵਾਦਾਰ ਦੇ ਰਾਹੀਂ ਆਗਿਆ ਲੈ ਕੇ ਅੰਦਰ ਆਏ। ਉਪਰੰਤ ਹੁਕਮ ਅਨੁਸਾਰ ਇੱਕ ਸੇਵਕ ਨੇ ਪਹਿਲਾਂ ਇਨ੍ਹਾਂ ਦੇ ਹੱਥ ਧੁਆਏ। ਫਿਰ ਟਿੱਲੇ ਉੱਪਰ ਜਾ ਮੱਥਾ ਟੇਕਿਆ। ਇਥੇ ਬੈਠਣ ਸਾਰ ਹੀ ਗੰਗਾ ਸਿੰਘ ਦੇ ਪੁੱਤਰ ਗੁਰਬਚਨ ਸਿੰਘ ਨੇ ਥੁੱਕ ਦਿੱਤਾ। ਹਰਿਨਾਮ ਸਿੰਘ ਮਾਨ ਨੇ ਬੱਚੇ ਨੂੰ ਘੂਰ ਕੇ ਕਿਹਾ ਕਿ

ਇਥੇ ਨਹੀਂ ਥੁੱਕਣਾ। ਪਰੰਤੂ ਬਾਬਾ ਜੀ ਨੇ ਬਚਨ ਕੀਤਾ "ਕੋਈ ਗੱਲ ਨਹੀਂ ਬਾਲ ਨੂੰ ਖੇਡਣ ਦਿਓ।" ਇਹ ਇਸ਼ਾਰਾ ਉਸ ਬੱਚੇ ਗੁਰਬਚਨ ਸਿੰਘ ਵੱਲ ਸੀ। ਨਾਲ ਹੀ ਬਾਬਾ ਜੀ ਨੇ ਪੁੱਛਿਆ "ਕਿਵੇਂ ਆਏ?" ਉਪਰੰਤ ਹਰਿਨਾਮ ਸਿੰਘ ਮਾਨ ਨੇ ਬੇਨਤੀ ਕੀਤੀ। ਗੰਗਾ ਸਿੰਘ ਵੱਲ ਇਸ਼ਾਰਾ ਕਰਕੇ ਕਿਹਾ ਮਹਾਰਾਜ, ਇਹ ਮੇਰੇ ਮਾਮੇ ਦਾ ਪੁੱਤ ਗੰਗਾ ਸਿੰਘ ਪੱਖੋਂ ਕਲਾਂ ਤੋਂ ਹੈ। ਇਸਦੇ ਚਾਰ ਲੜਕੇ ਅਚਾਨਕ ਹੀ ਮਰ ਗਏ ਹਨ। ਕ੍ਰਿਪਾ ਕਰੋ। ਉਪਰੰਤ ਬਾਬਾ ਜੀ ਨੇ ਬਚਨ ਕੀਤਾ "ਸ਼ੁੱਧ ਹੈ। ਕੋਈ ਫਿਕਰ ਨਾ ਕਰੋ।" ਫਿਰ ਬਾਬਾ ਜੀ ਨੇ ਆਪਣੇ ਚਰਨ ਜਲ ਵਿੱਚ ਧੋਕੇ ਵਿੱਚ ਪਤਾਸੇ ਪਾ ਕੇ ਪੀਣ ਲਈ ਦਿੱਤਾ ਜੋ ਗੰਗਾ ਸਿੰਘ ਨੇ ਆਪਣੇ ਪੁੱਤਰ ਗੁਰਬਚਨ ਸਿੰਘ ਨੂੰ ਪਿਆ ਦਿੱਤਾ। ਇੱਕ ਰੁਪਈਆ ਗੰਗਾ ਸਿੰਘ ਨੇ ਮੱਥਾ ਟੇਕਿਆ। ਓਹੀ ਰੁਪਈਆ ਇੱਕ ਟਾਕੀ ਵਿੱਚ ਬੰਨ ਕੇ ਗੰਗਾ ਸਿੰਘ ਨੂੰ ਮੋੜ ਕੇ ਹੁਕਮ ਕੀਤਾ। "ਇਹ ਮਾਇਆ ਖਜਾਨੇ ਵਿੱਚ ਰੱਖਣੀ। ਧਨ ਦਾ ਵਾਧਾ ਹੋਵੇਗਾ।" ਫਿਰ ਗੁਰਬਚਨ ਸਿੰਘ ਨੂੰ ਥਾਪੀ ਦੇ ਕੇ ਬਚਨ ਕੀਤਾ "ਵਧਦੇ ਫੁਲਦੇ ਰਹੋ।" ਓਹ ਪਰਿਵਾਰ ਅੱਜ ਬਹੁਤ ਵਧਿਆ। ਮਹਾਂ ਪੁਰਖਾਂ ਦੀ ਮੇਹਰ ਦੀ ਨਦਰਿ ਸਦਕਾ ਅਨੰਦ ਪ੍ਰਸੰਨ ਹਨ। ਇਸ ਤੋਂ ਬਾਅਦ ਗੰਗਾ ਸਿੰਘ ਦਾ ਲੜਕਾ ਗੁਰਬਚਨ ਸਿੰਘ ਕਈ ਵਾਰ ਡੇਰੇ ਆ ਕੇ ਬਾਬਾ ਜੀ ਨਾਲ ਖੇਡਦਾ ਰਹਿੰਦਾ। ਬਾਬਾ ਜੀ ਉਸਨੂੰ ਬਹੁਤ ਪਿਆਰ ਕਰਦੇ ਸਨ।

ਇਹ ਪ੍ਰਸੰਗ ਗੰਗਾ ਸਿੰਘ ਦੇ ਸਪੁੱਤਰ ਗੁਰਬਚਨ ਸਿੰਘ ਪੱਖੋਂ ਕਲਾਂ ਨੇ ਲਿਖਾਇਆ।

## ਪ੍ਰਭੁ ਨਾਰਾਇਣ ਗਰਬ ਪ੍ਰਹਾਰੀ।

(ਅੰਗ ੨੨੪)

ਸੇਵਕ ਸੇਵਾ ਕਰਦਾ ਹੈ ਜਿਸ ਸਮੇਂ ਸੇਵਾ ਕਰਨ ਦਾ ਮਾਣ ਕਰ ਲਵੇ, ਮੈਂ ਸੇਵਾ ਬਹੁਤ ਕਰਦਾ ਹਾਂ। ਜਾਂ ਮੇਰੇ ਸਰੀਰ ਵਿੱਚ ਬੜੀ ਤਾਕਤ ਹੈ। ਹੰਕਾਰ ਕਿਸੇ ਵੀ ਸ਼ਕਲ ਵਿੱਚ ਹੋਵੇ ਮਹਾਂ ਪੁਰਖਾਂ ਨੂੰ ਚੰਗਾ ਨਹੀਂ ਲੱਗਦਾ

ਹੈ। ਹਰ ਜੀ ਅਹੰਕਾਰੁ ਨਾ ਭਾਵਈ ਵੇਦ ਕੂਕ ਸੁਣਾਵਹਿ-ਗੁਰਵਾਕ ਹੈ। ਇਸ ਤਰ੍ਹਾਂ ਇੱਕ ਸੇਵਕ ਗੁਜਰ ਸਿੰਘ ਨਾਮ ਦਾ ਮਹਿਰਾ ਸਿੱਖ ਕੱਚੀ ਭੁੱਚੋ ਦਾ ਬਾਬਾ ਜੀ ਲਈ ਦੁੱਧ ਲੈ ਕੇ ਆਉਂਦਾ ਹੁੰਦਾ ਸੀ। ਚਾਰ ਦੁੱਧ ਦੀਆਂ ਭਰੀਆਂ ਟੋਕਣੀਆਂ ਵਹਿੰਗੀ ਉੱਤੇ ਰੱਖ ਕੇ ਰੇਤ ਦੇ ਟਿਬਿਆਂ ਉਤੋਂ ਦੀ ਲੰਘ ਜਾਂਦਾ ਤੇ ਥਕਦਾ ਨਹੀਂ ਸੀ। ਇੱਕ ਵਾਰ ਚਾਰ ਦੁੱਧ ਦੀਆਂ ਭਰੀਆਂ ਟੋਕਣੀਆਂ ਲੈ ਕੇ ਬਾਬਾ ਜੀ ਪਾਸ ਆ ਰਿਹਾ ਸੀ। ਅੱਧ ਰਸਤੇ ਵਿੱਚ ਆ ਕੇ ਇਸਨੂੰ ਬੇਅੰਤ ਭਾਰ ਲੱਗਾ। ਇੱਕ ਬਜੋਆਣਾ ਨਾਮ ਦੀ ਜਗ੍ਹਾ ਉੱਤੇ ਪਹੁੰਚ ਕੇ ਇਸਨੂੰ ਤੁਰਨਾ ਹੀ ਮੁਸ਼ਕਿਲ ਹੋ ਗਿਆ। ਉਪਰੰਤ ਟੋਕਨੀ ਵਿੱਚ ਅੱਧਾ ਕੁ ਦੁੱਧ ਇਸਨੇ ਡੋਲ ਦਿੱਤਾ ਤੇ ਅੱਗੇ ਨੂੰ ਚੱਲ ਪਿਆ। ਉਪਰੰਤ ਦੁੱਧ ਲੈ ਕੇ ਬਾਬਾ ਜੀ ਪਾਸ ਪਹੁੰਚ ਗਿਆ। ਜਿਸ ਸਮੇਂ ਗੁਜਰ ਸਿੰਘ ਨੇ ਟੋਕਣੀਆਂ ਦਾ ਮੂੰਹ ਖੋਲ ਕੇ ਬਾਬਾ ਜੀ ਅੱਗੇ ਰੱਖਿਆ। ਚਾਰੇ ਟੋਕਣੀਆਂ ਭਰੀਆਂ ਹੋਈਆਂ ਸਨ। ਗੁੱਜਰ ਸਿੰਘ ਦੇ ਮਨ ਵਿੱਚ ਹੈਰਾਨੀ ਹੋਈ। ਅੰਤਰਜਾਮੀ ਬਾਬਾ ਜੀ ਹੱਸ ਕੇ ਕਹਿਣ ਲੱਗੇ ਗੁਜਰ ਸਿੰਘ, ਜਿਹੜਾ ਤੂੰ ਡੋਲਿਆ ਸੀ ਉਹ ਸਾਡਾ ਨਹੀਂ ਸੀ। ਸਾਡਾ ਦੁੱਧ ਤਾਂ ਭਰਿਆ ਭਰਾਇਆ ਇਥੇ ਪਹੁੰਚ ਗਿਆ ਹੈ। ਤੈਨੂੰ ਪਤਾ ਹੈ ਓਹ ਤਾਂ ਉਥੇ ਅਬਿਗਤ ਰੂਹਾਂ ਰਹਿੰਦੀਆਂ ਹਨ। ਛੇ ਵਿੱਚੋਂ ਚਾਰ ਤਾਂ ਪੀ ਗਈਆਂ ਦੋ ਭੁੱਖੀਆਂ ਬੈਠੀਆਂ ਹਨ। ਓਹ ਤੈਨੂੰ ਖਾਣਗੀਆਂ। ਉਪਰੰਤ ਗੁਜਰ ਸਿੰਘ ਨੇ ਭੁੱਲ ਮੰਨ ਲਈ। ਬਾਬਾ ਜੀ ਨੇ ਬਚਨ ਕੀਤਾ "ਗੁਜਰ ਸਿੰਘ ਤੂੰ ਵਾਹਿਗੁਰੂ ਵਾਹਿਗੁਰੂ ਜਪਣਾ ਭੁੱਲ ਗਿਆ ਹੈ ਤਾਂ ਤੇਰੇ ਤੇ ਇਹ ਵਾਪਰੀ ਹੈ।" ਉਪਰੰਤ ਗੁਜਰ ਸਿੰਘ ਨੇ ਬੇਨਤੀ ਕੀਤੀ ਕ੍ਰਿਪਾ ਕਰੋ। ਮੇਰੇ ਬਚਨ ਦਾ ਕੋਈ ਉਪਾਅ ਦੱਸੋ। ਮੈਥੋਂ ਭੁੱਲ ਹੋ ਗਈ। ਬਾਬਾ ਜੀ ਨੇ ਬਚਨ ਕੀਤਾ "ਤੂੰ ਪਿੰਡ ਮੁੜਣ ਸਮੇਂ ਰਸਤਾ ਬਦਲ ਲੈ।" ਗੁਜਰ ਸਿੰਘ ਨੇ ਪੁੱਛਿਆ "ਜੀ, ਕਿਵੇਂ ਬਦਲਾਂ" ਤਾਂ ਬਾਬਾ ਜੀ ਨੇ ਦੱਸਿਆ "ਐਥੋਂ ਭੁੱਚੋਂ ਮੰਡੀ ਨੂੰ ਜਾ ਕੇ, ਫਿਰ ਕਾਹਨ ਸਿੰਘ ਵਾਲਾ, ਫਿਰ ਤੁੰਗਵਾਲੀ, ਅੱਗੇ ਭਾਗੂ ਵਿੱਚੋਂ ਹੋ ਕੇ ਕੱਚੀ ਭੁੱਚੋਂ ਜਾਵੀਂ।" ਹੁਕਮ ਅਨੁਸਾਰ ਇਵੇਂ ਹੀ ਕੀਤਾ। ਗੁਜਰ ਸਿੰਘ ਇਸ ਤੋਂ ਉਪਰੰਤ ਵੀ ਸੇਵਾ ਕਰਦਾ ਰਿਹਾ।

ਇਹ ਬਚਨ ਲਛਮਣ ਸਿੰਘ ਭਲੇਰੀਏ ਤੋਂ ਮਿਲਿਆ।

## ਜੋ ਪ੍ਰਭਿ ਅਪਨੀ ਸੇਵਾ ਲਾਇਆ ॥
## ਨਾਨਕ ਸੋ ਸੇਵਕੁ ਦਹਦਿਸ ਪ੍ਰਗਟਾਇਆ ॥

(ਅੰਗ ੨੯੫)

ਇਧਰ ਜਿਵੇਂ ਸ੍ਰੀ ਰਾਮ ਸਿੰਘ ਜੀ ਮਲੂਕੇ ਵਾਲਿਆਂ ਉੱਪਰ ਬਖਸ਼ਿਸ਼ ਹੁੰਦੀ ਗਈ। ਤਿਵੇਂ ਤਿਵੇਂ ਉਨ੍ਹਾਂ ਦੀ ਮੰਨ ਬਿਰਤੀ ਅਡੋਲ ਹੁੰਦੀ ਗਈ। ਨਾਲ ਦੀ ਨਾਲ ਉਨ੍ਹਾਂ ਦੀ ਨਿੰਦਿਆਂ ਸ਼ੁਰੂ ਹੋ ਗਈ। ਪਰੰਤੂ ਪੰਡਿਤ ਜੀ ਸੇਵਾ ਮਗਨ ਹੋ ਕੇ ਕਰਦੇ ਰਹੇ। ਇਹ ਵੀ ਇੱਕ ਬਾਬਾ ਜੀ ਵੱਲੋਂ ਪ੍ਰੀਖਿਆ ਦਾ ਸਮਾਂ ਸੀ।

**"ਨਿੰਦਾ ਜਨ ਕਉ ਖਰੀ ਪਿਆਰੀ ॥**
**ਨਿੰਦਾ ਬਾਪੁ ਨਿੰਦਾ ਮਹਿਤਾਰੀ ॥**

ਗੁਰਵਾਕ ਹੈ।" ਕਦੀ ਬਾਬਾ ਜੀ ਨੇ ਕੇਸਰ ਸਿੰਘ ਨੂੰ ਪੁੱਛਣ, ਕੇਸਰ ਕਸਤੂਰੀ, ਤੇਰੀ ਭਗਤੀ ਹੋ ਗਈ ਪੂਰੀ। ਕੁਝ ਮੰਗ ਲੈ।" ਉਪਰੰਤ ਕੇਸਰ ਸਿੰਘ ਨੇ ਇਹੋ ਹੀ ਜਵਾਬ ਦੇਣਾ ਮਹਾਰਾਜ, ਦਾਦਾ ਜੀ ਪੰਡਿਤ ਸ੍ਰੀ ਰਾਮ ਸਿੰਘ ਖਾਲੀ ਨਾ ਜਾਵੇ। ਜੋ ਕੁਝ ਮੰਗਦਾ ਹੈ ਇਸਨੂੰ ਦਿਉ। ਕਈ ਵਾਰ ਇਹ ਬਚਨ ਹੋਇਆ ਇਧਰ ਬਾਬਾ ਜੀ ਨੇ ਸ੍ਰੀ ਰਾਮ ਸਿੰਘ ਨੂੰ ਨੇਪਾਲ ਜਾਣ ਦਾ ਹੁਕਮ ਕੀਤਾ ਨਾਲ ਬਚਨ ਕੀਤਾ "ਨੇਪਾਲ ਜਾ ਕੇ ਜਿਹੋ ਜਿਹੀ ਕਰਾਮਾਤ ਰਾਜਾ ਮੰਗੇ ਵਿਖਾਓ, ਡਰਨਾ ਨਹੀਂ। ਤੈਨੂੰ ਰਾਜ ਗੁਰੂ ਬਨਾਉਣਾ ਹੈ। ਅਯੁੱਧਿਆ ਤੱਕ ਇਕੱਲੇ ਹੀ ਜਾਓ। ਉਸ ਤੋਂ ਅੱਗੇ ਦੋ ਸੇਵਾਦਾਰ ਤੇਰੇ ਨਾਲ ਨੇਪਾਲ ਤੱਕ ਜਾਣਗੇ। ਅਯੁੱਧਿਆ ਤੋਂ ਆਸੇ ਪਾਸੇ ਕਿਤੇ ਨਹੀਂ ਜਾਣਾ।" ਉਪਰੰਤ ਸ੍ਰੀ ਰਾਮ ਸਿੰਘ ਜੀ ਨੇ ਮੱਥਾ ਟੇਕਿਆ ਅਤੇ ਬਾਬਾ ਜੀ ਨੇ "ਸ਼ੁੱਧ ਹੈ, ਸ਼ੁੱਧ ਹੈ, ਤਿੰਨ ਵਾਰ ਬਚਨ ਕੀਤਾ।"

## ਗਈ ਬਹੋੜੁ ਬੰਦੀ ਛੋੜੁ ਨਿਰੰਕਾਰੁ ਦੁਖਦਾਰੀ ॥

(ਅੰਗ ੬੨੪)

ਭਾਗੀ ਵਾਂਦਰ ਵਾਲਾ ਸਰਬਣ ਸਿੰਘ ਤੇ ਉਸਦੇ ਘਰ ਵਾਲੀ ਭਾਗੀ ਵਾਂਦਰ ਤੋਂ ਮਲੂਕੇ ਜਾਣ ਸਮੇਂ ਰਸਤੇ ਵਿੱਚੋਂ ਲੰਘਦੇ ਹੋਏ ਭੁੱਚੋ ਦਰਸ਼ਨ ਕਰਨ ਆਏ। ਜਿਸ ਸਮੇਂ ਸਰਬਣ ਸਿੰਘ ਅਤੇ ਉਸਦੇ ਘਰਵਾਲੀ ਨੇ ਮੱਥਾ ਟੇਕਿਆ। ਉਪਰੰਤ ਘਰਵਾਲੀ ਰੋਣ ਲੱਗ ਪਈ। ਬਾਬਾ ਜੀ ਨੇ ਪੁੱਛਿਆ "ਇਹ ਲੜਕੀ ਕਿਉਂ ਰੋਂਦੀ ਹੈ" ਤਾਂ ਸਰਬਣ ਸਿੰਘ ਨੇ ਬੇਨਤੀ ਕੀਤੀ "ਮਹਾਰਾਜ" ਇੱਕ ਹੀ ਲੜਕਾ ਸੀ ਓਹ ਮਰ ਗਿਆ ਹੈ। ਇਸ ਕਰਕੇ ਇਹ ਰੋ ਰਹੀ ਹੈ। ਬਾਬਾ ਜੀ ਨੇ ਬਚਨ ਕੀਤਾ "ਮਰਨ ਵਾਲੇ ਮੁੰਡੇ ਦਾ ਕੀ ਨਾਮ ਸੀ।" ਉੱਤਰ ਵਿੱਚ ਸਰਬਣ ਸਿੰਘ ਨੇ ਬੇਨਤੀ ਕੀਤੀ ਜੀ ਉਸਦਾ ਨਾਮ "ਟਹਿਲਾ" ਸੀ। ਬਾਬਾ ਜੀ ਨੇ ਬਚਨ ਕੀਤਾ "ਓਹੀ ਟਹਿਲਾ ਮੁੜ ਕੇ ਆਵੇਗਾ ਤੇ ਟਹਿਲਾ ਹੀ ਉਸਦਾ ਨਾਮ ਰੱਖਣਾ ਤੇ ਹੁਣ ਰੋਣਾ ਨਹੀਂ।" ਉਪਰੰਤ ਸਰਬਣ ਸਿੰਘ ਦੇ ਘਰ ਪੁੱਤਰ ਹੋਇਆ। ਜੋ ਅੱਜ ਤਕ ਜੀਊਂਦਾ ਹੈ। ਇਹ ਪ੍ਰਸੰਗ ਵੀ ਉਸੇ ਟਹਿਲਾ ਸਿੰਘ ਨੇ ਲਿਖਾਇਆ।

## ਜਿਨਾ ਗੁਰੁ ਪਿਆਰਾ ਮਨਿ ਚਿਤਿ
## ਤਿਨਾ ਭਾਉ ਗੁਰੂ ਦੇਵਾਈਆ ॥

(ਅੰਗ ੬੪੮)

ਕੌਣ ਸਿੱਧੇ ਮਨ ਨਾਲ ਦਰਸ਼ਨ ਕਰਨ ਆ ਰਿਹਾ ਹੈ, ਕਿਸਦਾ ਮਨ ਸਿਦਕ ਤੋਂ ਖਾਲੀ ਹੈ, ਇਸ ਗੱਲ ਨੂੰ ਮਹਾਂਪੁਰਖ ਜਾਣਦੇ ਹਨ।

ਲਹਿਰੇ ਖਾਨੇ ਦਾ ਇੱਕ ਸਿੰਘ ਨਾਮ ਦਿਆਲ ਸਿੰਘ ਸੀ। ਇਹ ਬਾਬਾ ਜੀ ਦੇ ਦਰਸ਼ਨ ਕਰਨ ਵਾਸਤੇ ਰੋਜ਼ ਤਾਂ ਨਹੀਂ, ਪਰੰਤੂ ਆਉਂਦਾ ਜ਼ਰੂਰ

ਸੀ, ਅਤੇ ਚੰਗਾ ਸਿਦਕ ਵਾਲਾ ਬੰਦਾ ਸੀ। ਇੱਕ ਵਾਰ ਇਹ ਦਿਆਲ ਸਿੰਘ ਦਰਸ਼ਨ ਕਰਨ ਲਈ ਭੁੱਚੋਂ ਨੂੰ ਆ ਰਿਹਾ ਸੀ। ਇੱਕ ਚਮਿਆਰ ਸਿੱਖ ਜਿਸਦਾ ਨਾਮ ਘੀਲਾ ਸਿੰਘ ਸੀ, ਦਿਆਲ ਸਿੰਘ ਨੂੰ ਰਸਤੇ ਵਿੱਚ ਮਿਲਿਆ ਅਤੇ ਪੁੱਛਣ ਲੱਗਾ "ਦਿਆਲ ਸਿੰਘ ਕਿੱਥੇ ਜਾ ਰਿਹਾ ਹੈਂ" ਦਿਆਲ ਸਿੰਘ ਨੇ ਉੱਤਰ ਦਿੱਤਾ ਭੁੱਚੋ ਸੰਤਾਂ ਦੇ ਦਰਸ਼ਨ ਕਰਨ ਜਾ ਰਿਹਾ ਹਾਂ। ਫਿਰ ਘੀਲਾ ਸਿੰਘ ਨੇ ਕਿਹਾ ਮੈਂ ਵੀ ਤੇਰੇ ਨਾਲ ਚੱਲਦਾ ਹਾਂ। ਇਸ ਤਰ੍ਹਾਂ ਕਹਿ ਕੇ ਘੀਲਾ ਸਿੰਘ ਵੀ ਨਾਲ ਹੋ ਤੁਰਿਆ। ਉਪਰੰਤ ਲਹਿਰੇਖਾਨੇ ਤੋਂ ਇਕੱਠੇ ਤੁਰਦੇ ਭੁੱਚੋਂ ਪਹੁੰਚ ਗਏ। ਭਾਈ ਦਿਆਲ ਦਾਸ ਜੀ ਸਮਾਧ ਕੋਲੋਂ ਪਹੁੰਚ ਕੇ ਘੀਲਾ ਸਿੰਘ ਪਿਸ਼ਾਬ ਕਰਨ ਲੱਗ ਪਿਆ ਦਿਆਲ ਸਿੰਘ ਅੱਗੇ ਤੁਰਦਾ ਹੋਇਆ ਬਾਬਾ ਜੀ ਪਾਸ ਪਹੁੰਚ ਗਿਆ। ਅੰਤਰਜਾਮੀ ਬਾਬਾ ਜੀ ਹੱਸ ਕੇ ਬੋਲੇ "ਦਿਆਲ ਸਿਆਂ ਤੇਰੇ ਨਾਲ ਦਾ ਕਿਥੇ ਹੈਂ" ਦਿਆਲ ਸਿੰਘ ਨੇ ਬੇਨਤੀ ਕੀਤੀ ਮਹਾਰਾਜ, "ਓਹ ਪਿੱਛੇ ਰਹਿ ਗਿਆ ਹੈ।" ਬਾਬਾ ਜੀ ਨੇ ਬਚਨ ਕੀਤਾ "ਉਸ ਨੂੰ ਪਿੱਛੇ ਹੀ ਰਹਿਣ ਦੇ ਓਹ ਤਾਂ ਰਾਖਸ਼ ਹੈ।" ਇਸ ਤੋਂ ਉਪਰੰਤ ਦਿਆਲ ਸਿੰਘ ਕਾਫੀ ਸਮਾਂ ਬਾਬਾ ਜੀ ਪਾਸ ਬੈਠਾ ਰਿਹਾ, ਪਰੰਤੂ ਘੀਲਾ ਸਿੰਘ ਦਰਸ਼ਨ ਕਰਨ ਵਾਸਤੇ ਨਹੀਂ ਆਇਆ।

ਇਹ ਪ੍ਰਸੰਗ ਉਜਾਗਰ ਸਿੰਘ ਲਹਿਰੇਖਾਨੇ ਵਾਲੇ ਨੇ ਲਿਖਾਇਆ।

**ਸ੍ਰੀ ਸੰਤ ਮਹਾਂ ਹਰਿਨਾਮ ਸਿੰਘ ਬੰਦੋਂ ਬਾਰੋ ਬਾਰ।**
**ਸੀਸ ਨਿਵਾਵੋਂ ਚਰਨ ਪਰ ਚਰਨ ਧੂਰ ਸਿਰ ਧਾਰ।**
**ਚਰਨ ਧੂਰ ਸਿਰਧਾਰ ਕਰ ਮੰਨ ਤੰਨ ਨਿਰਮਲ ਹੋਇ।**
**ਆਧ, ਬਿਆਧ, ਉਪਾਧ ਸਭ ਛਿਨ ਮਹਿ ਦੇਵੈ ਖੋਇ।**
**ਜੋ ਤੇਰੀ ਸਰਣਾਗਤੀ ਤਿੰਨ ਕੀ ਦੁਰਮਤ ਪਰ ਹਰੀ।**
**ਜੈ ਜੈ ਜੈ ਹੋ ਪੁਰਸ਼ ਪੁਰਖ ਪਰਮ ਜੋਤ ਪ੍ਰਮੇਸ਼ਰੀ।**

# ਹੁਕਮੁ ਪਛਾਨੈ ਸੁ ਏਕੋ ਜਾਨੈ ਬੰਦਾ ਕਹੀਐ ਸੋਈ

(ਅੰਗ ੧੩੫੦)

ਸ਼ਕਤੀ ਆ ਜਾਣੀ ਜਾਂ ਕਰਾਮਾਤਾਂ ਦਾ ਧਨੀ ਬਣ ਜਾਣਾ ਹੋਰ ਗੱਲ ਹੈ। ਪਰੰਤੂ ਹੁਕਮ ਮੰਨ ਕੇ ਰਹਿਣਾ, ਹੁਕਮ ਨੂੰ ਪਛਾਨਣਾ ਵੱਡੀ ਗੱਲ ਹੈ। ਬਾਬਾ ਅੱਟਲ ਰਾਇ ਜੀ ਦਾ ਮੋਹਨ ਨੂੰ ਜੀਉਂਦਾ ਕਰ ਦੇਣਾ, ਬਾਬਾ ਗੁਰਦਿੱਤਾ ਜੀ ਦਾ ਗਊ ਜੀਊਂਦੀ ਕਰ ਦੇਣੀ, ਇਸ ਦੇ ਬਦਲੇ ਅਟੱਲ ਰਾਇ ਜੀ ਦਾ ਅਤੇ ਬਾਬਾ ਗੁਰਦਿੱਤਾ ਜੀ ਦਾ ਸਰੀਰ ਤਿਆਗਣਾ ਇਸ ਭੇਤ ਨੂੰ ਸਤਿਗੁਰੂ ਆਪ ਹੀ ਜਾਣਦੇ ਹਨ। ਇੱਕ ਵਾਰ ਬਾਬਾ ਮਹਾ ਹਰਿਨਾਮ ਸਿੰਘ ਨੇ ਸੰਤ ਧੰਨਾਂ ਸਿੰਘ ਜੀ ਨੂੰ ਆਪਣੇ ਕੋਲ ਸੱਦ ਕੇ ਹੁਕਮ ਕੀਤਾ "ਕਿ ਤੂੰ ਅੰਮ੍ਰਿਤਸਰ ਜਾ ਕੇ ਇਕਵੰਜਾ ਰੁਪੈ ਦੀ ਦੇਗ ਕਰਾ ਕੇ ਆ।" ਨਾਲ ਬਚਨ ਕੀਤਾ "ਆਉਂਦਿਆਂ ਸਾਵਧਾਨ ਹੋ ਕੇ ਰਹਿਣਾ।" ਇਉਂ ਬਚਨ ਕਰਕੇ ਇਕਵੰਜਾ ਰੁਪੈ ਦੇ ਕੇ ਅੰਮ੍ਰਿਤਸਰ ਨੂੰ ਤੋਰ ਦਿੱਤਾ। ਉਪਰੰਤ ਸੰਤ ਧੰਨਾ ਸਿੰਘ ਜੀ ਅੰਮ੍ਰਿਤਸਰ ਨੂੰ ਚਲੇ ਗਏ। ਇਸ ਤੋਂ ਚਾਰ ਕੁ ਦਿਨ ਬਾਅਦ ਅਚਾਨਕ ਹੀ ਬਾਬਾ ਜੀ ਨੇ ਬਚਨ ਕਰਨਾ ਸ਼ੁਰੂ ਕਰ ਦਿੱਤਾ। "ਨੀਲਾ ਸਿਆਂ ਧੰਨਾ ਸਿੰਘ ਸਾਵਧਾਨ ਨਹੀਂ ਰਿਹਾ।" ਕਈ ਦਿਨ ਇਹੋਂ ਹੀ ਬਚਨ ਕਰਦੇ ਰਹੇ। ਦਸ ਦਿਨ ਬਾਅਦ ਬਾਬਾ ਜੀ ਨੇ ਇੱਕ ਦਿਨ ਨੀਲਾ ਸਿੰਘ ਨੂੰ ਮੰਦਰ ਕੋਲ ਪਹਿਰਾ ਦੇਣ ਲਈ ਹੁਕਮ ਕੀਤਾ ਕਿ ਸਾਡੇ ਹੁਕਮ ਤੋਂ ਬਿਨਾਂ ਕਿਸੇ ਨੂੰ ਡੇਰੇ ਵਿੱਚ ਨਹੀਂ ਆਉਣ ਦੇਣਾ।" ਕੁਝ ਦਿਨਾਂ ਉਪਰੰਤ ਸੰਤ ਧੰਨਾ ਸਿੰਘ ਜੀ ਮੁੜ ਕੇ ਬਾਬਾ ਜੀ ਦੇ ਦਰਸ਼ਨ ਕਰਨ ਅੰਮ੍ਰਿਤਸਰ ਤੋਂ ਸਿੱਧੇ ਭੁੱਚੋਂ ਪਹੁੰਚੇ। ਪਹਿਰੇਦਾਰ ਰਾਹੀਂ ਜਿਸ ਸਮੇਂ ਅੰਦਰ ਆ ਕੇ ਦਰਸ਼ਨ ਕਰਨ ਦੀ ਆਗਿਆ ਮੰਗੀ ਤਾਂ ਬਾਬਾ ਜੀ ਨੇ ਕੜਕਦੀ ਅਵਾਜ਼ ਵਿੱਚ ਬਚਨ ਕੀਤਾ "ਉਸਨੂੰ ਕਹੋ ਕਿ ਜਿੱਥੇ ਖੜਾ ਹੈ ਉਥੇ ਹੀ ਰਹੇ। ਅੰਦਰ

ਆਉਣ ਦੀ ਲੋੜ ਨਹੀਂ।" ਹੁਕਮ ਅਨੁਸਾਰ ਸੰਤ ਜੀ ਉਥੇ ਹੀ ਖੜੇ ਹੋ ਗਏ। ਸਵੇਰ ਤੋਂ ਲੈ ਕੇ ਸ਼ਾਮ ਹੋ ਗਈ। ਉਪਰੰਤ ਸ਼ਾਮ ਨੂੰ ਬੇਨਤੀ ਕੀਤੀ ਫਿਰ ਹੁਕਮ ਕੀਤਾ "ਨਹੀਂ ਅਤੇ ਉਥੇ ਹੀ ਰਹੇ।" ਹਨ੍ਹੇਰਾ ਹੋਏ ਤੋਂ ਹੁਕਮ ਕੀਤਾ "ਇਕ ਰੋਟੀ, ਇੱਕ ਗਲਾਸ ਪਾਣੀ ਦਾ ਦੇ ਆਓ" ਅੱਠ ਦਿਨ ਇਸੇ ਤਰ੍ਹਾਂ ਹੀ ਲੰਘੇ। ਅਖੀਰ ਸਾਰੀ ਸੰਗਤ ਵੀ ਹੈਰਾਨ ਹੋ ਗਈ। ਜਿਸ ਸਮੇਂ ਸੰਗਤ ਨੇ ਡਰਦਿਆਂ ਡਰਦਿਆਂ ਬਾਬਾ ਜੀ ਕੋਲ ਬੇਨਤੀ ਕੀਤੀ ਕਿ "ਮਹਾਰਾਜ, ਧੰਨਾਂ ਸਿੰਘ ਨੂੰ ਬਖਸ਼ੋ" ਤਾਂ ਬਾਬਾ ਜੀ ਨੇ ਬਚਨ ਕੀਤਾ "ਜਾਓ ਧੰਨਾਂ ਸਿੰਘ ਨੂੰ ਪੁੱਛੋ ਉਸਨੇ ਹਰੀ ਕੇ ਪੱਤਣ ਉੱਤੇ ਕੀ ਕੰਮ ਕੀਤਾ ਹੈ। ਰੱਬ ਦਾ ਸ਼ਰੀਕ ਬਣਿਆ ਸੀ।" ਉਪਰੰਤ ਸੰਤ ਧੰਨਾ ਸਿੰਘ ਪਾਸੋਂ ਸੰਗਤ ਨੇ ਪੁੱਛਿਆ ਤੇ ਓਹ ਵੀ ਮੰਨ ਗਏ ਕਿ ਜਿਹੜਾ ਉਸ ਵੇਲੇ ਉਥੇ ਮਲਾਹ ਸੀ ਉਸਦਾ ਮੁੰਡਾ ਦਰਦ ਨਾਲ ਤੜਫ ਰਿਹਾ ਸੀ। ਮੈਨੂੰ ਵੇਖ ਕੇ ਤਰਸ ਆ ਗਿਆ। ਉਪਰੰਤ ਬਾਬਾ ਜੀ ਨੇ ਬਚਨ ਕੀਤਾ "ਉਸਨੇ ਮਲਾਹ ਦੇ ਘਰੋਂ ਮਰ ਕੇ ਇੱਕ ਰਾਜੇ ਦੇ ਘਰ ਜਨਮ ਲੈਣਾ ਸੀ। ਸੁੱਖ ਭੋਗਣੇ ਸਨ। ਤੂੰ ਉਸਨੂੰ ਭੁੱਖ ਨੰਗ ਵਿੱਚ ਬੰਨ ਕੇ ਬਿਠਾ ਆਇਆ ਹੈ।" ਉਪਰੰਤ ਧੰਨਾ ਸਿੰਘ ਨੇ ਸੰਗਤ ਦੇ ਰਾਹੀਂ ਭੁੱਲ ਮੰਨੀ। ਫਿਰ ਬਾਬਾ ਜੀ ਨੇ ਬਚਨ ਕੀਤਾ "ਇਸ ਵਾਰ ਤੈਨੂੰ ਬਖਸ਼ ਦਿੱਤਾ। ਨਾਲੇ ਤੈਨੂੰ ਦੱਸ ਕੇ ਤੋਰਿਆ ਸੀ ਕਿ ਸਾਵਧਾਨ ਹੋ ਕੇ ਰਹੀਂ। ਅੱਗੇ ਤੋਂ ਤੂੰ ਜਿਥੇ ਖੜਾ ਹੈ ਇਥੋਂ ਹੀ ਮੱਥਾ ਟੇਕ ਕੇ ਮੁੜ ਜਾਇਆ ਕਰ।" ਉਪਰੰਤ ਸੰਤ ਧੰਨਾ ਸਿੰਘ ਜੀ ਕਈ ਸਾਲ ਇਸ ਤਰ੍ਹਾਂ ਹੀ ਕਰਦੇ ਰਹੇ। ਕਈ ਸਾਲ ਉਪਰੰਤ ਮਾਫੀ ਮਿਲੀ

ਮਾਫੀ ਵਾਲਾ ਪ੍ਰਸੰਗ ਅੱਗੇ ਆਵੇਗਾ।

ਇਹ ਬਚਨ ਮਾਤਾ-ਪਿਤਾ ਪਾਸੋਂ ਮਿਲਿਆ।

# ਸੁਖੁ ਨ ਪਾਇਨਿ ਮੁਗਧ ਨਰ ਸੰਤ ਨਾਲਿ ਖਹੰਦੇ ॥

(ਅੰਗ ੩੧੬)

ਮਹਾਂ ਪੁਰਖ ਨਾਮ ਜਪਦੇ ਅਤੇ ਜਪਾਉਂਦੇ ਹਨ। ਸਰਬੱਤ ਦਾ ਭਲਾ ਕਰਦੇ ਅਤੇ ਚਾਹੁੰਦੇ ਹਨ। ਪਰੰਤੂ ਮਾਇਆਧਾਰੀ ਬੰਦੇ ਮਾਇਆ ਦੇ ਮਦ ਵਿੱਚ ਆ ਕੇ ਮਹਾਂਪੁਰਖਾਂ ਦੀ ਬੇ-ਅਦਬੀ ਕਰ ਜਾਂਦੇ ਹਨ। ਕੁਦਰਤ ਵਲੋਂ ਬੇ-ਅਦਬੀ ਕਰਨ ਵਾਲਿਆਂ ਨੂੰ ਐਸਾ ਹੀ ਫਲ ਮਿਲ ਜਾਂਦਾ ਹੈ।

ਸੰਤ ਬਹਾਲ ਦਾਸ ਜੀ ਜੱਸੀ ਪੌ ਵਾਲੀ ਰਹਿੰਦੇ ਸਨ। ਇਸ ਅਸਥਾਨ ਦੇ ਆਸੇ ਪਾਸੇ ਸ੍. ਦੇ ਪਰਿਵਾਰ ਦੀ ਜ਼ਮੀਨ ਬੇ-ਅਬਾਦ ਪਈ ਸੀ। ਇੱਥੇ ਇੱਕ ਜਗ੍ਹਾ ਨੂੰ ਤੋਤਿਆਂ ਵਾਲੀ ਆਖਦੇ ਸਨ। ਸੰਤ ਬਹਾਲ ਦਾਸ ਜੀ ਨੇ ਹੁਕਮ ਦੇ ਕੇ ਇੱਥੇ ਇੱਕ ਥੜ੍ਹਾ ਤਿਆਰ ਕਰਵਾਇਆ ਸੀ। ਉਸ ਥੜੇ ਉੱਪਰ ਪੰਛੀਆਂ ਨੂੰ ਚੋਗਾ ਪਾ ਕੇ ਇਥੇ ਇਕਾਂਤ ਵਿੱਚ ਆ ਟਿਕਣਾ। ਕਿਤਨਾ ਸਮਾਂ ਇਕਾਂਤ ਰਹਿ ਕੇ “ਬਲਿਹਾਰੀ ਕੁਦਰਤ ਵਸਿਆ” ਦਾ ਨਜ਼ਾਰਾ ਵੇਖ ਕੇ ਅਨੰਦ ਵਿੱਚ ਰਹਿੰਦੇ ਸਨ। ਇਸ ਦੇ ਨਾਲ ਦੀ ਜ਼ਮੀਨ ਦਾ ਮਾਲਕ ਸ੍. ਰਾਮ ਜਗਰ ਸਿੰਘ ਸੀ। ਇਸਦੇ ਚਾਰ ਪੁੱਤਰ ਸਨ। ਇੰਜਨ ਸਿੰਘ, ਫੁੰਮਣ ਸਿੰਘ, ਜੱਗਰ ਸਿੰਘ, ਦਰਬਾਰਾ ਸਿੰਘ ਅਤੇ ਟੱਲੀ ਪੰਜਵੀਂ ਲੜਕੀ ਸੀ। ਕਿਸੇ ਸਮੇਂ ਇਹ ਜ਼ਮੀਨ ਵਾਹੁਣ ਲਈ ਤਿਆਰ ਕਰਦੇ ਸਨ। ਬ੍ਰਿਛ ਬੂਟੇ ਝਾੜ ਆਦਿਕ ਪੁੱਟਦੇ ਸਨ। ਤੋਤਿਆਂਵਾਲੀ ਮਹਿਰੇ ਦੀ ਜਗ੍ਹਾ ਸੰਤ ਬਹਾਲ ਦਾਸ ਜੀ ਦੇ ਕਹਿਣ ਉੱਤੇ ਮਜ਼ਦੂਰ ਨੇ ਖਾਲੀ ਛੱਡ ਦਿੱਤੀ। ਰਾਤ ਨੂੰ ਜਿਸ ਸਮੇਂ ਮਜ਼ਦੂਰਾਂ ਕੰਮ ਕਰਕੇ ਘਰ ਗਏ ਤਾਂ ਉਨ੍ਹਾਂ ਨੇ ਦੱਸਿਆ ਕੁਝ ਜ਼ਮੀਨ ਤੋਤਿਆਂ ਵਾਲੇ ਮਹਿਰੇ ਦੀ ਜੱਸੀ ਪੌ ਵਾਲੇ ਸੰਤਾਂ ਦੇ ਹੁਕਮ ਨਾਲ ਛੱਡ ਦਿੱਤੀ ਹੈ। ਸ੍. ਇੰਜਣ ਸਿੰਘ ਨੇ ਕਿਹਾ ਓਹ ਜ਼ਮੀਨ ਵੀ ਵਾਹੀ ਕਰ ਲਵੋ। ਉਪਰੰਤ ਮਜ਼ਦੂਰਾਂ ਨੇ ਜਵਾਬ ਦੇ ਦਿੱਤਾ ਕਿ ਸੰਤਾ ਦੇ ਕਹੇ

ਤੋਂ ਉਲਟ ਅਸੀਂ ਨਹੀਂ ਕਰਨਾ। ਸ੍ਰ. ਇੰਜਨ ਸਿੰਘ ਨੇ ਕਿਹਾ ਸਵੇਰੇ ਮੈਂ ਨਾਲ ਜਾ ਕੇ ਆਪ ਹੱਥ ਨਾਲ ਸਭ ਕੁਝ ਕਰਾਂਗਾ। ਸੋ ਅਗਲੇ ਦਿਨ ਇੰਜਨ ਸਿੰਘ ਸਭ ਮਜ਼ਦੂਰਾਂ ਸਮੇਤ ਆ ਕੇ ਆਪ ਕੰਮ ਕਰਨ ਕਰਵਾਉਣ ਲੱਗ ਪਿਆ। ਠੀਕ ਉਸ ਸਮੇਂ ਸੰਤ ਬਹਾਲ ਦਾਸ ਜੀ ਵੀ ਉਥੇ ਹਾਜ਼ਰ ਸਨ। ਉਪਰੰਤ ਅਗਲੇ ਦਿਨ ਵੀ ਸੰਤਾਂ ਨੇ ਰੋਕਿਆ ਤੇ ਕਿਹਾ ਕਿ ਐਤਕੀ ਜਗ੍ਹਾ ਨੂੰ ਨਾ ਛੇੜੋ। ਇਹ ਬਚਨ ਗੁਮੰਟੀ ਵਾਲੇ ਭਾਈ ਮੁਕੰਦ ਸਿੰਘ ਤੇ ਹੋਰਾਂ ਨੇ ਵੀ ਦੱਸਿਆ ਹੈ ਕਿ ਉਸ ਵੇਲੇ ਸ੍ਰ. ਇੰਜਣ ਸਿੰਘ ਕੁਝ ਬੇ-ਅਦਬੀ ਦੇ ਬਚਨ ਬੋਲਿਆ। ਕਹੀ ਮਾਰਨ ਲਈ ਵੀ ਤਿਆਰ ਹੋ ਗਿਆ। ਸੰਤ ਬਹਾਲ ਦਾਸ ਜੀ ਬਿਨਾਂ ਕੁਝ ਬੋਲੇ ਉਥੋਂ ਚਲੇ ਆਏ। ਉਪਰੰਤ ਰਾਤ ਨੂੰ ਐਸਾ ਭਾਣਾ ਵਰਤਿਆ ਕਿ ਸ੍ਰ. ਇੰਜਣ ਸਿੰਘ ਰਾਤ ਨੂੰ ਚੜਾਈ ਕਰ ਗਿਆ। ਅਗਲੇ ਦਿਨ ਸਵੇਰੇ ਕਿਸੇ ਪ੍ਰੇਮੀ ਨੇ ਆ ਕੇ ਦੱਸਿਆ ਕਿ ਮਹਾਰਾਜ ਇੰਜਣ ਸਿੰਘ ਤੁਰ ਗਿਆ। ਸੰਤ ਬਹਾਲ ਦਾਸ ਜੀ ਨੇ ਬਚਨ ਕੀਤਾ "ਇੰਜਣ ਦੇ ਮਗਰ ਡੱਬੇ ਵੀ ਜਾਣਗੇ।" ਫਿਰ ਹੋਰ ਭਰਾ ਫੁੰਮਣ ਸਿੰਘ, ਜੱਗਰ ਸਿੰਘ ਤੇ ਟੱਲੀ ਆਦਿਕ ਮਰ ਗਏ। ਤਕਰੀਬਨ ਸਾਰਾ ਪਰਿਵਾਰ ਹੀ ਖ਼ਤਮ ਹੋ ਗਿਆ। ਇੱਕ ਦਰਬਾਰਾ ਸਿੰਘ ਲੜਕਾ ਜਿਸਦੀ ਉਮਰ ਉਸ ਸਮੇਂ ਡੇਢ ਕੁ ਸਾਲ ਦੀ ਹੋਵੇਗੀ। ਉਸ ਬੱਚੇ ਦਰਬਾਰਾ ਸਿੰਘ ਨੂੰ ਲੈ ਕੇ ਮਾਈ ਸਾਹਿਬ ਕੌਰ ਜੋ ਕਿ ਸ੍ਰ. ਸ਼ਾਮ ਸਿੰਘ ਦੇ ਘਰਵਾਲੀ ਸੀ। (ਸ੍ਰ. ਦਰਬਾਰ ਸਿੰਘ ਅਜੇ ਤੱਕ ਮੌਜੂਦ ਹੈ) ਸੰਤ ਬਹਾਲ ਦਾਸ ਜੀ ਦੇ ਚਰਨੀ ਜਾ ਪਾਇਆ ਅਤੇ ਖਿਮਾ ਮੰਗੀ। ਉਪੰਰਤ ਸੰਤ ਬਹਾਲ ਦਾਸ ਜੀ ਨੇ ਬੱਚੇ (ਦਰਬਾਰਾ ਸਿੰਘ) ਦੇ ਸਿਰ ਤੇ ਹੱਥ ਰੱਖ ਕੇ ਬਚਨ ਕੀਤਾ ਇਹ ਸ਼ੇਰ ਤਕੜਾ ਹੋਵੇਗਾ। ਸ੍ਰ. ਦਰਬਾਰਾ ਸਿੰਘ ਦੀ ਉਮਰ ਇਸ ਸਮੇਂ ਅੱਠਤਰ ਸਾਲ ਦੀ ਹੈ।

ਇਤਨੀਆਂ ਸ਼ਕਤੀਆਂ ਦੇ ਖਜਾਨੇ ਸਨ। ਸ੍ਰੀ ਬਾਬਾ ਮਹਾਂ ਹਰਿਨਾਮ ਸਿੰਘ ਜੀ ਦੇ ਸੇਵਕਾਂ ਕੋਲ । ਇਹ ਸੰਤ ਬਹਾਲ ਦਾਸ ਜੀ ਦੇ ਅਸਥਾਨ ਉੱਤੇ ਸੰਤ, ਹੰਸ ਮੁਨੀ ਜੀ ਤੇ ਅਤੇ ਹੋਰ ਸੰਗਤ ਪਾਸੋਂ ਪ੍ਰਾਪਤ ਹੋਇਆ।

## ਕਬਿੱਤ

ਪੀੜ ਨਾ ਰਹਿਨ ਦਿੰਦੇ ਜਾਂਦੀ ਇਕ ਪਲ ਵਿਚ
ਧੀਰਜ ਬਨੌਂਦੇ ਮਨ ਭਾਂਈ ਦਿੰਦੇ ਧੀਰ ਹੈ।
ਪੀੜ ਪੰਜ ਦੂਤਾਂ ਵਾਲੀ ਕਦੇ ਨਾ ਰਹਿਣ ਦਿੰਦੇ,
ਕਾਮ ਕ੍ਰੋਧ ਵਾਲਾ ਚੋਲਾ ਕੀਤਾ ਲੀਰੋ ਲੀਰ ਹੈ।
ਮਨ ਦੀ ਕੁੜਤਨ ਤੇ ਤਪਸ਼ ਮਿਟਾਇ ਦਿੰਦੇ,
ਠੰਢਾ ਠਾਰ ਦਿਲ ਮਿੱਠਾ ਹੋਵੇ ਜਿਵੇਂ ਵੱਡੇ ਸ਼ੀਰ ਹੈ।
ਸ੍ਰੀ ਮਹਾਂ ਹਰਿਨਾਮ ਸਿੰਘ ਐਸੇ ਵੱਡੇ ਪੀਰ ਹੋਏ,
ਜਿਨ੍ਹਾਂ ਦੇ ਮੁਰੀਦ ਹੋਇ ਪੀਰਨ ਕੇ ਪੀਰ ਹੈ।

## ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ ॥

(ਅੰਗ ੧)

ਅਪਣੇ ਸੇਵਕ ਸੰਤ ਸ੍ਰੀ ਰਾਮ ਸਿੰਘ ਜੀ ਨੂੰ ਹੁਕਮ ਦੇ ਕੇ ਨੇਪਾਲ ਨੂੰ ਤੋਰਨ ਤੋਂ ਪਹਿਲਾਂ ਸ੍ਰੀ ਬਾਬਾ ਹਰਿਨਾਮ ਸਿੰਘ ਜੀ ਨੇ ਇੱਕ ਸਮੇਂ ਅਚਾਨਕ ਹੀ ਹੁਕਮ ਕੀਤਾ "ਲੜਾਈ ਲੱਗ ਚੁੱਕੀ ਹੈ, ਬੰਦੇ ਬਹੁਤ ਮਰ ਰਹੇ ਹਨ ਅਤੇ ਸਾਨੂੰ ਆਪਣਾ ਆਸਣ ਚੁੱਕਣ ਦਾ ਹੁਕਮ ਆ ਗਿਆ ਹੈ।" ਇਤਨਾ ਬਚਨ ਕਰਕੇ ਬਾਬਾ ਜੀ (ਜਿਥੇ ਹੁਣ ਸੰਗਤ ਮੱਥਾ ਟੇਕਦੀ ਹੈ) ਇਸ ਅਸਥਾਨ ਉੱਤੇ ਆ ਕੇ ਬਿਰਾਜ ਗਏ। ਫਿਰ ਮੁੜ ਕੇ ਟਿੱਲੇ ਉੱਪਰ ਨਹੀਂ ਗਏ। ਕੁਝ ਸਮਾਂ ਆਪ ਜੀ ਨੇ ਆਪਣਾ ਖਜ਼ਾਨਾ ਟਿੱਲੇ ਸਾਹਿਬ ਉੱਤੇ ਰੱਖਿਆ। ਫਿਰ ਹੁਕਮ ਅਨੁਸਾਰ ਓਹ ਆਪਣੇ ਆਸਣ ਕੋਲ ਸੱਜੇ ਹੱਥ ਵੱਲ ਜਗ੍ਹਾ ਉੱਤੇ ਲਿਆ ਕੇ ਰੱਖ ਲਿਆ। ਇੱਕ ਦਿਨ ਸ੍ਰੀ ਰਾਮ ਸਿੰਘ ਜੀ ਨੂੰ ਹੁਕਮ ਕੀਤਾ "ਦਾਦਾ ਜੀ ਟਿੱਲੇ ਉੱਪਰ ਜਾਉ। ਉਥੇ ਕੋਠੜੀ ਵਾਲਾ ਸਤੀਰ ਟੁੱਟ ਚੁੱਕਾ ਹੈ। ਓਹ ਹੁਕਮ ਦਾ ਬੱਧਾ ਖੜਾ ਹੈ। ਉਸਨੂੰ ਕਹੋ ਕਿ ਅਸੀਂ ਟਿੱਲੇ ਤੋਂ ਹੇਠ ਚੱਲੇ ਗਏ ਹਾਂ। ਤੂੰ ਹੁਣ ਜ਼ਮੀਨ ਤੇ ਡਿੱਗ ਪਉ। ਤੁਸੀਂ ਸਾਡਾ ਹੁਕਮ ਸੁਣਾਉਣ ਵੇਲੇ ਬਾਹਰ ਹੀ ਰਹਿਣਾ।" ਇਸ ਹੁਕਮ ਤੇ ਪੰਡਿਤ ਸ੍ਰੀ ਰਾਮ ਸਿੰਘ ਜੀ ਟਿੱਲੇ ਉਪਰ ਗਏ। ਬਾਹਰ ਖੜੇ ਹੋ ਕੇ ਬਾਬਾ ਜੀ ਦਾ ਹੁਕਮ

ਅੱਖਰ ਅੱਖਰ ਜਾ ਬੋਲੇ। ਮਾਤਾ ਪਿਤਾ ਦੱਸਦੇ ਸਨ ਉਸ ਵੇਲੇ ਇੱਕ ਵੱਡਾ ਜ਼ੋਰਦਾਰ ਖੜਕਾ ਹੋਇਆ ਅਤੇ ਸਤੀਰ ਟੁੱਟ ਗਿਆ ਉਪਰੰਤ ਪੰਡਿਤ ਸ੍ਰੀ ਰਾਮ ਸਿੰਘ ਜੀ ਟਿੱਲੇ ਤੋਂ ਹੇਠ ਉੱਤਰ ਆਏ ਪੰਡਿਤ ਸ੍ਰੀ ਰਾਮ ਸਿੰਘ ਜੀ ਨੂੰ ਬਾਬਾ ਜੀ ਸੰਸਕ੍ਰਿਤ ਦੇ ਗ੍ਰੰਥ ਵੀ ਸੰਥਿਆਂ ਨਾਲ ਪੜ੍ਹਾਇਆਂ ਕਰਦੇ ਸਨ। ਇੱਕ ਵਾਰ ਪੰਡਿਤ ਸ੍ਰੀ ਰਾਮ ਸਿੰਘ ਜੀ ਆਪਣੇ ਆਪ ਹੀ ਗ੍ਰੰਥ ਲੈ ਆਏ। ਉਪਰੰਤ ਬਾਬਾ ਜੀ ਨੂੰ ਸੰਥਿਆ ਦੇਣ ਲਈ ਬੇਨਤੀ ਕੀਤੀ। ਬਾਬਾ ਜੀ ਨੇ ਅੱਗੋਂ ਹੱਸ ਕੇ ਬਚਨ ਕੀਤਾ "ਤੈਨੂੰ ਦਾਦਾ ਜੀ ਕੀ ਪਤਾ ਹੈ ਅਸੀਂ ਐਸ ਵੇਲੇ ਕਿਥੇ ਬੈਠੇ ਹਾਂ ਤੁਸੀਂ ਗ੍ਰੰਥ ਲੈ ਆਏ ਹੋ ਪੜ੍ਹਾ ਦਿੰਦੇ ਹਾਂ। ਅੱਗੇ ਵਾਸਤੇ ਜਦੋਂ ਅਸੀਂ ਆਪ ਕਹੀਏ ਉਦੋਂ ਗ੍ਰੰਥ ਲੈ ਕੇ ਆਉਣਾ ਹੋਵੇਗਾ।" ਉਪਰੰਤ ਸ੍ਰੀ ਰਾਮ ਸਿੰਘ ਜੀ ਨੇ ਸਤ ਬਚਨ ਕੀਤਾ।

ਇਹ ਬਚਨ ਸ੍ਰੀ ਰਾਮ ਸਿੰਘ ਜੀ ਦੇ ਭਾਣਜੇ ਸ਼ਾਸਤ੍ਰੀ ਜੀ ਨੇ ਲਿਖਾਇਆ।

ਭੁੱਚੋਂ ਨਗਰ ਦੇ ਰਹਿਣ ਵਾਲਾ ਇੱਕ ਪੰਡਿਤ ਹੰਸ ਰਾਜ ਸੀ ਉਸ ਨੂੰ ਵੀ ਬਾਬਾ ਜੀ ਨੇ ਗੁਰਮੁਖੀ ਦਾ ਉੜਾ, ਆੜਾ ਦੀ ਪੈਂਤੀ ਅਤੇ ਮੁਹਾਰਨੀ ਸਿਖਾਈ ਸੀ। ਨਾਲ ਬਚਨ ਸੀ ਅਸੀਂ ਕਿਸੇ ਨੂੰ ਇਸ ਤੋਂ ਅੱਗੇ ਨਹੀਂ ਪੜਾਉਂਦੇ। ਅੱਗੇ ਆਪ ਮਿਹਨਤ ਕਰਕੇ ਪੜ੍ਹ ਲੈ, ਇਹ ਬਚਨ ਦਾ ਮਤਲਬ ਦੁਨਿਆਵੀਂ ਪੜ੍ਹਾਈ ਤੋਂ ਬਗ਼ੈਰ ਪ੍ਰਮਾਰਥ ਵੀ ਹੋ ਸਕਦਾ ਹੈ। ਅੱਗੇ ਅਸਲੀ ਗੱਲ ਬਾਬਾ ਜੀ ਆਪ ਜਾਨਣ।

**ਅਪਨੀ ਗਤਿ ਆਪਿ ਜਾਨੈ॥ ਸੁਣਿ ਸੁਣਿ ਅਵਰ ਵਖਾਨੈ**

## ਆਪਿ ਭਲਾ ਕਰਤੂਤਿ ਅਤਿ ਨੀਕੀ। ਆਪੇ ਜਾਨੈ ਅਪਨੇ ਜੀ ਕੀ

(ਅੰਗ ੨੯੪)

ਮਹਾਂਪੁਰਖ ਕਿਸੇ ਦਾ ਭਲਾ ਕਿਵੇਂ ਕਰਦੇ ਹਨ, ਇਹ ਕੁਝ ਵੇਖਕੇ ਅਤੇ ਸੁਣ ਕੇ ਇਨਸਾਨੀ ਬੁੱਧ ਹੈਰਾਨ ਹੋ ਜਾਂਦੀ ਹੈ।

ਭੁੱਚੋਂ ਨਗਰ ਦੇ ਰਹਿਣ ਵਾਲਾ ਇੱਕ ਮੁਸਲਮਾਨ ਮੋਚੀ ਜਿਸ ਦਾ ਨਾਮ ਜੈਤਾ, ਦੱਸਦੇ ਹਨ। ਬਾਬਾ ਜੀ ਦੇ ਹੁਕਮ ਅਨੁਸਾਰ ਪੰਦਰਾਂ ਦਿਨਾਂ ਜਾਂ ਮਹੀਨੇ ਵਿੱਚ ਦੁ-ਖੁੱਲਾ ਨੋਕਦਾਰ ਜੋੜਾ ਸਿਉਂਕੇ ਲਿਆਉਂਦਾ ਹੁੰਦਾ ਸੀ। ਉਪਰੰਤ ਬਾਬਾ ਜੀ ਨੇ ਇਸਨੂੰ ਉਸ ਸਮੇਂ ਮਿਹਨਤ ਵੀ ਦੇਣੀ ਜੋ ਕਦੇ ਇਸਨੇ ਲੈਣ ਤੋਂ ਇਨਕਾਰ ਕਰਨਾ ਤਾਂ ਇਸਨੂੰ ਪੁੱਛਣਾ "ਤੂੰ ਕੀ ਚਾਹੁੰਦਾ ਹੈ ?" ਉਪਰੰਤ ਇਹ ਗੱਲ ਕਈ ਸਾਲ ਚਲਦੀ ਰਹੀ ਅਤੇ ਇਹ ਮੋਚੀ ਜੋੜਾ ਸਿਉਂਕੇ ਲੈ ਆਉਂਦਾ ਰਿਹਾ। ਇੱਕ ਵਾਰ ਇਹ ਜੋੜਾ ਸਿਉਂਕੇ ਲੈ ਆਇਆ ਬਾਬਾ ਜੀ ਮਿਹਨਤ ਦੇਣ ਲੱਗੇ ਤਾਂ ਇਸਨੇ ਬੇਨਤੀ ਕੀਤੀ ਮਹਾਰਾਜ ਤੁਸੀਂ ਇਡੇ ਵੱਡੇ ਹੋ ਕੇ ਮੈਨੂੰ ਜੋੜੇ ਦੀ ਮਿਹਨਤ ਦੇ ਕੇ ਟਾਲ ਦਿੰਦੇ ਹੋ। ਕੋਈ ਵੱਡੀ ਬਖਸ਼ਿਸ਼ ਦਿਓ ਉਪਰੰਤ ਬਾਬਾ ਜੀ ਨੇ ਪੁੱਛਿਆ "ਤੂੰ ਆਪੇ ਦੱਸ ਤੈਨੂੰ ਵੱਡੀ ਚੀਜ਼ ਕਿਹੜੀ ਚਾਹੀਦੀ ਹੈ" ਉਪਰੰਤ ਇਸਨੇ ਬੇਨਤੀ ਕੀਤੀ ਮੈਨੂੰ ਨਰਕ ਦੀ ਅੱਗ ਤੋਂ ਬਚਾਓ। ਸੁਣਕੇ ਬਾਬਾ ਜੀ ਨੇ ਬਚਨ ਕੀਤਾ "ਨੀਲਾ ਸਿਆਂ, ਇਸਦੀ ਸ਼ਰਾ ਕਰਾ ਕੇ ਲਿਆਉ" ਹੁਕਮ ਅਨੁਸਾਰ ਸ਼ਰਾ ਕੀਤੀ ਗਈ ਹਜ਼ੂਰ ਲੈ ਆਉਂਦਾ ਤਾਂ ਬਾਬਾ ਜੀ ਨੇ ਇਸਨੂੰ ਕਲਮਾ ਪੜ੍ਹ ਕੇ ਇੱਕ ਮਾਲਾ ਆਪਣੇ ਕੋਲੋਂ ਦੇ ਕੇ ਹੁਕਮ ਕੀਤਾ "ਤੁਰਦਾ ਫਿਰਦਾ ਇਸਨੂੰ ਫੇਰਦਾ ਰਿਹਾ ਕਰ ਤੇ ਤੂੰ ਨਰਕ ਨਹੀਂ ਜਾਏਗਾ। ਤੇਰਾ ਹਿਸਾਬ ਮੁੱਕ ਗਿਆ ਹੈ। ਤੇਰੇ ਬਾਕੀ ਦਿਨ ਥੋੜ੍ਹੇ ਹੀ ਹਨ।" ਉਪਰੰਤ ਕੁਝ ਦਿਨਾਂ ਬਾਅਦ ਅਚਾਨਕ ਹੀ ਇੱਕ ਢੱਠੇ ਦੀ ਫੇਟ ਲੱਗਣ ਨਾਲ ਇਸਦੀ ਮੌਤ ਹੋ ਗਈ। ਜਿਸ ਵਕਤ ਬਾਬਾ ਜੀ ਪਾਸ ਜੈਤੇ ਦੀ ਮੌਤ ਦਾ ਜ਼ਿਕਰ ਹੋਇਆ ਅੱਗੋਂ ਬਾਬਾ ਜੀ ਨੇ ਬਚਨ ਕੀਤਾ ਉਸਦਾ ਹਿਸਾਬ ਹੋ ਗਿਆ ਹੈ ਅਤੇ ਜੰਮਣ ਮਰਨ ਤੋਂ ਰਹਿਤ ਹੋ ਗਿਆ ਹੈ।

ਇਹ ਪ੍ਰਸੰਗ ਮਾਤਾ-ਪਿਤਾ ਪਾਸੋਂ ਮਿਲਿਆ।

**ਧਰਮ ਰਾਇ ਦਰਿ ਕਾਗਦ ਫਾਰੇ ਜਨ ਨਾਨਕ ਲੇਖਾ ਸਮਝਾ।**

(ਅੰਗ ੬੯੮) (ਜੈਤਸਰੀ ਮ .੪)

# ਤੇਰੀ ਕੁਦਰਤਿ ਤੂ ਹੈ ਜਾਣਹਿ
# ਅਉਰੁ ਨ ਦੂਜਾ ਜਾਣੈ ॥

(ਅੰਗ ੧੧੮੫)

ਬਾਬਾ ਜੀ ਦੇ ਅਗੰਮੀ ਕੌਤਕ ਕੋਈ ਨਾ ਕੋਈ ਬਚਨ ਐਸਾ ਕਰਨਾ ਜਿਸਨੂੰ ਸੁਣ ਕੇ ਸੰਗਤ ਅਤੇ ਹੋਰ ਸੁਨਣ ਵਾਲੇ ਹੈਰਾਨ ਹੋ ਜਾਂਦੇ ਸਨ ਜਿਵੇਂ ਗੁਰਵਾਕ ਹੈ ਕਿ "ਕੇਤਿਆ ਕੇ ਬਾਪ ਕੇਤਿਆ ਕੇ ਬੇਟੇ ਕੇਤੇ ਗੁਰ ਚੇਲੇ ਹੂਏ।" ਇਹ ਵੀ ਪ੍ਰਤੱਖ ਹੋ ਜਾਂਦਾ ਸੀ। ਇਸੇ ਹੀ ਭੁੱਚੋ ਨਗਰ ਦਾ ਇੱਕ ਤੇਲੀ ਮੁਸਲਮਾਨ ਹੁੰਦਾ ਸੀ ਜਿਸਦਾ ਨਾਮ "ਫਜਲ ਦੀਨ" ਸੀ। ਇਸਦੇ ਸਰੀਰ ਉੱਤੇ ਕਈ ਤਰ੍ਹਾਂ ਦੇ ਰੋਗਾਂ ਦੇ ਨਿਸ਼ਾਨ ਸਨ। ਵੇਖਣ ਵਾਲੇ ਨੂੰ ਬੜੀ ਨਫਰਤ ਆਉਂਦੀ ਸੀ। ਦਿਮਾਗੀ ਤੌਰ ਉੱਤੇ ਵੀ ਫਜਲ ਦੀਨ ਪੂਰਾ ਠੀਕ ਨਹੀਂ ਸੀ। ਦਸ ਪੰਦਰਾਂ ਦਿਨ ਬਾਅਦ ਇਸਨੂੰ ਕਈ ਵਾਰ ਸੇਵਾਦਾਰ ਘੱਲਕੇ ਸੱਦਣਾ ਫਿਰ ਦੁੱਧ ਪਿਲਾਉਣਾ, ਕਈ ਵਾਰ ਇਸਨੇ ਛੇਤੀ ਆ ਜਾਣਾ ਕਈ ਵਾਰ ਆਕੜ ਜਾਣਾ। ਕਈ ਵਾਰ ਸੇਵਾਦਾਰ ਭੇਜਣੇ ਪਰੰਤੂ ਇਸਨੂੰ ਸੱਦਦੇ ਜ਼ਰੂਰ ਸਨ ਇੱਕ ਵਾਰ ਫਜਲ ਦੀਨ ਨੂੰ ਸੱਦਿਆ। ਇਹ ਆਵੇ ਨਾ। ਅਖੀਰ ਉੱਤੇ ਇਸ ਫਜਲ ਦੀਨ ਨੂੰ ਸੱਦ ਹੀ ਲਿਆ। ਆਉਣ ਸਾਰ ਹੀ ਇਸਨੇ ਬਾਬਾ ਜੀ ਨੂੰ ਬੇਨਤੀ ਕਰ ਦਿੱਤੀ ਬੋਲਿਆ ਮਹਾਰਾਜ, ਮੈਨੂੰ ਸੱਦ ਕੇ ਦੁੱਧ ਪਿਲਾਉਂਦੇ ਹੋ। ਕਈ ਕਈ ਸੁਨੇਹੇ ਭੇਜਦੇ ਹੋ ਮੇਰੇ ਸਰੀਰ ਵੱਲ ਵੇਖੋ। ਮੇਰਾ ਦੁੱਖ ਤਾਂ ਹਟਾਓ। ਉਪਰੰਤ ਬਾਬਾ ਜੀ ਨੇ ਬਚਨ ਕੀਤਾ ਤੈਨੂੰ ਸੱਦ ਕੇ ਦੁੱਧ ਵੀ ਪਿਲਾਉਣਾ ਹੈ ਅਤੇ ਤੈਨੂੰ ਰਾਜੀ ਵੀ ਨਹੀਂ ਕਰਨਾ। ਉਸਨੇ ਪੁੱਛਿਆ ਕਿਉਂ, ਰਾਜੀ ਕਿਉਂ ਨਹੀਂ ਕਰਨਾਂ ਇਹ ਕੀ ਗੱਲ ਹੋਈ। ਤਾਂ ਬਾਬਾ ਜੀ ਨੇ ਬਚਨ ਕੀਤਾ "ਤੂੰ ਪਿਛਲੇ ਜਨਮ ਵਿੱਚ ਬੜਾ ਭਾਰੀ ਵਿਦਵਾਨ ਸੀ। ਤੇਰੇ ਕੋਲ ਪੜ੍ਹਨ ਵਾਲੇ ਬਹੁਤ ਸਨ। ਜਿਨ੍ਹਾਂ ਵਿੱਚ ਅਸੀਂ

ਵੀ ਸੀ। ਪਰ ਤੈ ਕਿਸੇ ਨੂੰ ਵਿਦਿਆ ਨਹੀਂ ਸੀ ਦਿੱਤੀ। ਹੁਣ ਉਹੀ ਵਿਦਿਆ ਤੈਨੂੰ ਸਰਾਪ ਦੇ ਰਹੀ ਹੈ। ਉਹੀ ਤੈਨੂੰ ਰੋਗ ਹੈ।" ਤਾਂ ਫਜ਼ਲਦੀਨ ਨੇ ਬੇਨਤੀ ਕੀਤੀ "ਮੈਨੂੰ ਰਾਜੀ ਕਦੋ ਕਰੋਗੇ" ਬਾਬਾ ਜੀ ਨੇ ਬਚਨ ਕੀਤਾ ਜਦੋਂ ਅਸੀਂ ਫਿਰ ਸਰੀਰ ਧਾਰਨ ਕਰਕੇ ਆਏ ਉਦੋਂ ਸਾਰੀ ਗੱਲ ਬਣੇਗੀ ਅਤੇ ਹੁਣ ਤੇਰਾ ਅੰਤ ਸੰਭਾਲ ਲਵਾਂਗੇ, ਉਸਨੇ ਫਿਰ ਓਹੀ ਗੱਲ ਦੁਹਰਾਈ ਉਪਰੰਤ ਹਜ਼ੂਰ ਨੇ ਬਚਨ ਕੀਤਾ "ਕੋਈ ਸਮਾਂ ਆਏਗਾ ਇਥੋਂ ਮੁਸਲਮਾਨ ਨਿਕਲ ਜਾਣਗੇ ਓਦੋਂ ਤੈਨੂੰ ਸੰਭਾਲ ਲਵਾਂਗੇ।" ਇਹ ਭਵਿੱਖਤ ਬਚਨ ਪਾਕਿਸਤਾਨ ਅਤੇ ਹਿੰਦੁਸਤਾਨ ਦੇ ਬਟਵਾਰੇ ਵੱਲ ਸੀ। ਇਸ ਬਚਨ ਅਨੁਸਾਰ ਫਜਲਦੀਨ ਦਾ ਅੰਤ ਵੀ ਇਸ ਡੇਰੇ ਵਿੱਚ ਹੋਇਆ। ਸੰਤ ਨਰੈਣ ਸਿੰਘ ਜੀ ਮਹਿਣਿਆ ਵਾਲਿਆਂ ਨੇ ਬਾਬਾ ਜੀ ਤੋਂ ਬਾਅਦ ਇਸਦੀ ਸੰਭਾਲ ਕੀਤੀ।

ਇਹ ਬਚਨ ਵੀ ਮਾਤਾ-ਪਿਤਾ ਪਾਸੋਂ ਮਿਲਿਆ।

**ਕੁੰਡਲੀਆਂ**

**ਸ੍ਰੀ ਸੰਤ ਮਹਾਂ ਹਰਿਨਾਮ ਸਿੰਘ ਚਰਨਨ ਸੀਸ ਨਿਵਾਇ॥**
**ਦੁਖ ਦਲਿਦ੍ਰ ਪਰ ਹਰੋ ਦਇਆ ਕਰੋ ਸੁਖਦਾਇ॥**
**ਦਇਆ ਕਰੋ ਸੁਖਦਾਇ ਮੇਹਰ ਦੇ ਘਰ ਵਿਚ ਆਉ॥**
**ਦਾਸ ਜਾਨ ਕਰ ਦਾਸ ਨੂੰ ਪ੍ਰਭੂ ਨਾਮ ਜਪਾਉ**
**ਕਹੇ ਦਾਸ ਸਤਿਨਾਮ ਸਿੰਘ ਕਾਟੇ ਪ੍ਰਭ ਭਰਮ ਭਰੀ**
**ਤੁਮ ਹੋ ਨਾਥਨ ਕੇ ਨਾਥ ਪ੍ਰਮ ਜੋਤ ਪ੍ਰਮੇਸ਼ਰੀ॥**

## ਘਰਿ ਬਾਹਰਿ ਤੇਰਾ ਭਰਵਾਸਾ ਤੂ ਜਨ ਕੈ ਹੈ ਸੰਗਿ

(ਅੰਗ ੬੭੭)

ਪੰਡਿਤ ਸ੍ਰੀ ਰਾਮ ਸਿੰਘ ਜੀ ਬਾਬਾ ਜੀ ਦੇ ਹੁਕਮ ਅਨੁਸਾਰ ਨੇਪਾਲ ਨੂੰ ਚਲੇ ਗਏ। ਉਥੇ ਜਾ ਕੇ ਕਿਨਾਂ ਹਾਲਤਾਂ ਵਿੱਚੋਂ ਆਪ ਜੀ ਨੂੰ ਲੰਘਣਾ ਪਿਆ। ਕਰਨ ਕਾਰਨ ਸਮ੍ਰਥ ਤਾਂ ਆਪ ਬਾਬਾ ਜੀ ਸਨ। ਪਰੰਤੂ ਗੁਰਵਾਕ

ਅਨੁਸਾਰ ਸਿਰ ਉਪਰਿ ਠਾਡਾ ਗੁਰੂ ਸੂਰਾ। ਨਾਨਕ ਤਾਕੇ ਕਾਰਜ ਪੂਰਾ॥ ਸਭ ਕਾਰਜ ਰਾਸ ਹੁੰਦੇ ਰਹੇ। ਕਾਠਮੰਡੂ ਪਹੁੰਚਕੇ ਮੰਦਰ ਦੇ ਪੁਜਾਰੀ ਰਾਹੀ ਰਾਜੇ ਤਕ ਪਹੁੰਚ ਕੀਤੀ ਗਈ। ਪਹਿਲੀ ਵਾਰ ਰਾਜੇ ਨੇ ਮਿਲਣ ਸਮੇਂ ਜੋ ਪ੍ਰਸ਼ਨ ਕੀਤੇ ਉਸ ਵੇਲੇ ਰਾਜਾ ਆਪਣੇ ਆਸਣ ਉੱਤੇ ਅਲੱਗ ਬੈਠਾ ਸੀ। ਸ੍ਰੀ ਰਾਮ ਸਿੰਘ ਜੀ ਅਲੱਗ ਬੈਠੇ ਸਨ। ਜਿਸ ਵੇਲੇ ਰਾਜੇ ਨੇ ਪਹਿਲਾਂ ਪ੍ਰਸ਼ਨ ਕੀਤਾ। ਉਪਰੰਤ ਸ੍ਰੀ ਰਾਮ ਸਿੰਘ ਜੀ ਨੇ ਬਚਨ ਕੀਤਾ "ਰਾਜਾ, ਜਿਤਨੇ ਵੀ ਤੂੰ ਪ੍ਰਸ਼ਨ ਸੋਚੇ ਹਨ ਉਨ੍ਹਾਂ ਸਾਰਿਆਂ ਦਾ ਜਵਾਬ ਤੇਰੇ ਆਸਣ ਦੇ ਹੇਠ ਪਹਿਲਾਂ ਹੀ ਲਿਖਿਆ ਪਿਆ ਹੈ। ਤੂੰ ਆਪਣਾ ਆਸਣ ਚੁੱਕ ਕੇ ਸਾਰਿਆਂ ਦਾ ਜਵਾਬ ਪੜ੍ਹ ਲੈ। ਜਿਸ ਵੇਲੇ ਰਾਜੇ ਨੇ ਆਪਣੇ ਹੇਠਲਾ ਕੱਪੜਾ ਚੁੱਕਿਆ ਆਪਣੇ ਇਕੱਲੇ-ਇਕੱਲੇ ਪ੍ਰਸ਼ਨ ਦਾ ਉੱਤਰ ਪੜਿਆ ਤਾਂ ਰਾਜੇ ਦੀ ਤਸੱਲੀ ਹੋ ਗਈ। ਉਪੰਰਤ ਰਾਜਾ ਚਰਨਾਂ ਉੱਤੇ ਢਹਿ ਪਿਆ। ਉਪੰਰਤ ਰਾਜੇ ਨੇ ਸੇਵਾ ਪੁੱਛੀ ਤਾਂ ਸ੍ਰੀ ਰਾਮ ਸਿੰਘ ਜੀ ਨੇ ਬਾਬਾ ਜੀ ਦੇ ਹੁਕਮ ਅਨੁਸਾਰ ਇੱਕ ਮੁਖੀ ਰੁਦ੍ਰਾਖਸ਼ ਦਾ ਮਣਕਾ ਅਤੇ ਭਸਮ ਕੜਾ ਮੰਗੇ। ਨਾਲ ਹੀ ਸਾਰੇ ਕੈਦ ਕੀਤੇ ਸਾਧੂ ਛੱਡਣ ਦਾ ਹੁਕਮ ਕੀਤਾ। ਹੁਕਮ ਅਨੁਸਾਰ ਸਾਰੇ ਸਾਧੂ ਤੁਰੰਤ ਹੀ ਜੇਲ੍ਹ ਵਿੱਚੋਂ ਬਾਹਰ ਕੱਢ ਦਿੱਤੇ ਗਏ। ਅਤੇ ਅੱਗੇ ਵਾਸਤੇ ਰਾਜੇ ਨੂੰ ਹੁਕਮ ਹੋਇਆ ਕੋਈ ਸਾਧੂ ਕਿਸੇ ਵੀ ਮੱਤ ਦਾ ਹੈ ਉਸਨੂੰ ਆਪਣੇ ਮਤ ਅਨੁਸਾਰ ਇਸ਼ਟ ਉਪਾਸ਼ਨਾ ਪੂਜਾ ਪਾਠ ਕਰਨ ਤੋਂ ਰੋਕਣਾ ਨਹੀਂ। ਅਤੇ ਹਰ ਇੱਕ ਸੰਤ ਕੋਲੋਂ ਕਰਾਮਤ ਨਹੀਂ ਮੰਗਣੀ। ਰਾਜੇ ਨੂੰ ਹੁਕਮ ਹੋਇਆ ਤੂੰ ਆਪਣੀ ਇਸ਼ਟ ਉਪਾਸ਼ਨਾ ਵਿੱਚ ਪੱਕਾ ਰਹੋ। ਸ੍ਰੀ ਰਾਮ ਸਿੰਘ ਜੀ ਨੇ ਬਾਬਾ ਜੀ ਦੇ ਹੁਕਮ ਅਨੁਸਾਰ ਨੇਪਾਲ ਵਾਲੇ ਰਾਜੇ ਨੂੰ ਸਿੱਖਿਆ ਦਿੱਤੀ। ਰਾਜੇ ਨੇ ਪੂਰੇ ਆਦਰ ਸਤਿਕਾਰ ਨਾਲ ਸ੍ਰੀ ਰਾਮ ਸਿੰਘ ਜੀ ਨੂੰ ਆਪਣੇ ਪਾਸ ਰੱਖਿਆ।

# ਭਏ ਦਇਆਲ ਕ੍ਰਿਪਾਲ ਸੰਤ ਜਨ
# ਤਬ ਇਹ ਬਾਤ ਬਤਾਈ ॥

(ਰਾਮਕਲੀ ਮਹਲਾ ੯)

ਪਾਠਕ ਜਨ ਪਿੱਛੇ ਪੜ੍ਹ ਚੁੱਕੇ ਹਨ ਭਾਈ ਰਤਨ ਸਿੰਘ ਡਰੋਲੀ ਅਤੇ ਉਸਦੀ ਸੁਪਤਨੀ ਜੈ ਕੌਰ ਬਾਬਾ ਜੀ ਦੀ ਸੇਵਾ ਵਿੱਚ ਹਾਜ਼ਰ ਹੋਏ। ਦੋ ਸਾਲ ਸੇਵਾ ਨਹੀਂ ਦਿੱਤੀ ਅਤੇ ਨਾ ਹੀ ਘਰ ਨੂੰ ਜਾਣ ਦਿੱਤਾ। ਚਾਰ ਪੰਜ ਮਹੀਨੇ ਬਾਅਦ, ਕੋਲੋਂ ਕਿਰਾਇਆ ਦੇ ਕੇ ਹੁਕਮ ਕਰਨਾ "ਜਾਓ ਘਰ ਗੇੜਾ ਮਾਰਕੇ ਆਓ।" ਭਾਈ ਰਤਨ ਸਿੰਘ ਡਰੋਲੀ ਅਤੇ ਜੈ ਕੌਰ ਨੇ ਹੁਕਮ ਅਨੁਸਾਰ ਇਸ ਤਰ੍ਹਾਂ ਹੀ ਕਰਨਾ। ਇੱਕ ਵਾਰ ਭਾਈ ਰਤਨ ਸਿੰਘ ਡਰੋਲੀ ਅਤੇ ਜੈ ਕੌਰ ਘਰੋਂ ਹੋ ਕੇ ਜਿਸ ਵਕਤ ਭੁੱਚੋ ਪਹੁੰਚੇ ਤਾਂ ਕੁਝ ਦਿਨਾਂ ਬਾਅਦ ਬਾਬਾ ਜੀ ਨੇ ਰਤਨ ਸਿੰਘ ਡਰੋਲੀ ਅਤੇ ਜੈ ਕੌਰ ਨੂੰ ਪੁੱਛਿਆ "ਜਦੋਂ ਤੁਸੀਂ ਹੁਕਮ ਅਨੁਸਾਰ ਘਰ ਜਾਂਦੇ ਹੋ ਘਰ ਕੀ ਕਰਦੇ ਹੋ" ਉੱਤਰ ਵਿੱਚ ਭਾਈ ਰਤਨ ਸਿੰਘ ਡਰੋਲੀ ਨੇ ਬੇਨਤੀ ਕੀਤੀ "ਅਸੀਂ ਜਦੋਂ ਘਰ ਜਾਂਦੇ ਹਾਂ ਤਾਂ ਘਰ ਯੋਗਵਸ਼ਿਸ਼ਟ ਗ੍ਰੰਥ" ਪੜ੍ਹਦੇ ਹਾਂ।" ਸੁਣ ਕੇ ਬਾਬਾ ਜੀ ਨੇ ਹੱਸ ਕੇ ਬਚਨ ਕੀਤਾ "ਯੋਗਵਸ਼ਿਸ਼ਟ ਵਿੱਚ ਕੀ ਰੱਖਿਆ ਹੈ" ਇਤਨਾ ਬਚਨ ਕਰਕੇ ਹਜ਼ੂਰ ਚੁੱਪ ਹੋ ਗਏ। ਉਪਰੰਤ ਕੁਝ ਦਿਨ ਹੋਰ ਬਤੀਤ ਹੋਏ।

ਕੁਝ ਦਿਨਾਂ ਉਪਰੰਤ ਸੰਤ ਬਹਾਲ ਦਾਸ ਜੀ ਜੱਸੀ ਪੌਂ ਵਾਲੇ ਬਾਬਾ ਜੀ ਦੇ ਦਰਸ਼ਨ ਕਰਨ ਆਏ। ਫਿਰ ਸੰਤ ਬਹਾਲ ਦਾਸ ਜੀ ਨੇ ਅਤੇ ਬਾਬਾ ਜੀ ਨੇ ਕੁਝ ਬਚਨ ਕੀਤੇ ਜਿਨ੍ਹਾਂ ਦੀ ਰਤਨ ਸਿੰਘ ਡਰੋਲੀ ਨੂੰ ਲਖ ਯਤਨ ਕਰਨ ਨਾਲ ਵੀ ਸਮਝ ਨਾ ਆਈ। ਇਸ ਤੋਂ ਬਾਅਦ ਸੰਤ ਬਹਾਲ ਦਾਸ ਜੀ ਚੱਲੇ ਗਏ। ਕੁਝ ਹੋਰ ਸਮਾਂ ਬੀਤਣ ਪਿੱਛੋਂ ਬਾਬਾ ਮਹਾਂ ਹਰਿਨਾਮ ਸਿੰਘ ਜੀ ਆਪ ਦੁੱਧ ਛੱਕਣ ਤੋਂ ਉਪਰੰਤ ਕਈਆਂ ਸੇਵਕਾਂ ਨੂੰ ਨਾਮ ਲੈ ਕੇ ਦੁੱਧ

ਛਕਾਇਆ ਕਰਦੇ ਸਨ। ਇੱਕ ਵਾਰ ਇਨ੍ਹਾਂ ਦੇ ਸਮੇਂ ਇਹ ਦੁੱਧ ਛਕਾਉਣ ਦਾ ਬ੍ਰਿਤਾਂਤ ਹੋਇਆ। ਨਾਮ ਲੈ ਲੈ ਕੇ ਸਭ ਨੂੰ ਦੁੱਧ ਛਕਾਇਆ। ਪਰੰਤੂ ਰਤਨ ਸਿੰਘ ਡਰੋਲੀ ਅਤੇ ਜੈ ਕੌਰ ਨੂੰ ਨਾ ਦੁੱਧ ਛਕਾਇਆ। ਇਹ ਦੋ ਗੱਲਾਂ ਬੀਤਣ ਉਪਰੰਤ ਭਾਈ ਰਤਨ ਸਿੰਘ ਡਰੋਲੀ ਦੇ ਮਨ ਵਿੱਚ ਵਿਚਾਰ ਆਈ। ਭਾਈ ਰਤਨ ਸਿੰਘ ਡਰੋਲੀ ਨੇ ਬਾਬਾ ਜੀ ਮਹਾਂ ਹਰਿਨਾਮ ਸਿੰਘ ਜੀ ਅੱਗੇ ਬੇਨਤੀ ਕੀਤੀ ਕਿ "ਮਹਾਰਾਜ, ਪਿਛਲੀ ਦਿਨੀ ਸੰਤ ਬਹਾਲ ਦਾਸ ਜੀ ਆਏ ਸਨ। ਉਨ੍ਹਾਂ ਨਾਲ ਆਪ ਜੀ ਨੇ ਜੋ ਬਚਨ ਕੀਤੇ ਮੈਨੂੰ ਸਮਝ ਨਹੀਂ ਆਈ। ਦੂਸਰਾ ਅੱਜ ਸਭ ਨੂੰ ਨਾਮ ਲੈ ਲੈ ਕੇ ਆਪ ਜੀ ਨੇ ਦੁੱਧ ਛਕਾਇਆ ਹੈ ਤੇ ਸੱਚੇ ਪਾਤਸ਼ਾਹ ਮੈਨੂੰ ਦੁੱਧ ਵੀ ਨਹੀਂ ਛਕਾਇਆ।"ਸੁਨਣ ਉਪਰੰਤ ਬਾਬਾ ਜੀ ਨੇ ਬਚਨ ਕੀਤਾ "ਤੈਨੂੰ ਅਵਾਜ਼ ਮਾਰ ਕੇ ਦੁੱਧ ਕਿਵੇਂ ਮਿਲੇ" ਅਤੇ ਬਹਾਲ ਦਾਸ ਨਾਲ ਹੋਏ ਬਚਨਾਂ ਦੀ ਕਿਵੇਂ ਸਮਝ ਆਵੇ ਉਪਰੰਤ ਭਾਈ ਰਤਨ ਸਿੰਘ ਡਰੋਲੀ ਨੇ ਬੇਨਤੀ ਕੀਤੀ ਸੱਚੇ ਪਾਤਸ਼ਾਹ, ਮੈਥੋਂ ਸਵੇਰੇ ਉਠਿਆ ਨਹੀਂ ਜਾਂਦਾ। ਫਿਰ ਬਾਬਾ ਜੀ ਨੇ ਬਚਨ ਕੀਤਾ "ਤੁਸੀਂ ਦੋਵੇ ਜੀ ਤਕੜੇ ਹੋਵੋ ਤੇ ਨਿਤਨੇਮ ਕਰੋ ਇਸ਼ਨਾਨ ਕਰੋ, ਸਭ ਕੁਝ ਆਪੇ ਹੀ ਹੋਵੇਗਾ।" ਇਸ ਤੋਂ ਬਾਅਦ ਲੰਗਰ ਦੀ ਸੇਵਾ ਮਿਲੀ ਸਭ ਤੋਂ ਪਹਿਲਾਂ ਬਚਨ ਹੋਇਆ ਤੇ ਪੁੱਛਿਆ "ਤੁਹਾਡੀ ਮੰਗ ਕੀ ਹੈ " ਭਾਈ ਰਤਨ ਸਿਘ ਡਰੋਲੀ ਤੇ ਜੈ ਕੌਰ ਨੇ ਬੇਨਤੀ ਕੀਤੀ ਨਾਮ ਦਾਨ ਬਖਸ਼ੋ ਬਾਬਾ ਜੀ ਨੇ ਹੱਸ ਕੇ ਬਚਨ ਕੀਤਾ ਘਰੋਂ ਤਾਂ ਪੁੱਤ ਲੈਣ ਆਏ ਸੀ।" ਉਪਰੰਤ ਭਾਈ ਰਤਨ ਸਿੰਘ ਡਰੌਲੀ ਤੇ ਜੈ ਕੌਰ ਨੇ ਬੇਨਤੀ ਕੀਤੀ। "ਸੱਚੇ ਪਾਤਸ਼ਾਹ, ਹੁਣ ਪੁੱਤ ਦੀ ਕੋਈ ਮੰਗ ਨਹੀਂ।" ਉਪਰੰਤ ਬਚਨ ਹੋਇਆ "ਪੁੱਤ ਵੀ ਹੋਵੇਗਾ ਤੇ ਫਿਰ ਨਾਮ ਦਾਨ ਵੀ ਮਿਲੇਗਾ।"

**ਹੁਕਮ ਇਹ ਸੀ**

1) ਲੰਗਰ ਤਿਆਰ ਕਰਨ ਵੇਲੇ ਆਟਾ ਗੁੰਨਣਾ ਅਤੇ ਛਾਨਣਾ। ਹਰ ਸਮੇਂ ਮੂੰਹ ਅੱਗੇ ਕੱਪੜਾ ਰੱਖਣਾ ਅਤੇ ਜਪੁਜੀ ਸਾਹਿਬ ਦੇ ਪਾਠ ਉਠਦਿਆਂ, ਬਹਿੰਦਿਆਂ ਹਰ ਸਮੇਂ ਕਰਦੇ ਰਹਿਣਾ। ਲੰਗਰ ਦੀ ਸੇਵਾ ਤੋਂ ਹਟਕੇ ਵੀ ਪਾਠ ਕਰਦੇ ਰਹਿਣਾ। ਇਹ ਨਹੀਂ ਭੁੱਲਣਾ।

2) ਲੰਗਰ ਦੇ ਪ੍ਰਸ਼ਾਦੇ ਨਾ ਕੱਚੇ ਰਹਿਣ। ਨਾ ਉਨ੍ਹਾਂ ਨੂੰ ਸੜਣ ਦੇਣਾ। ਕਿਸੇ ਵੀ ਫੁਲਕੇ ਨੂੰ ਅੱਗ ਦਾ ਦਾਰਾ ਨਹੀਂ ਲੱਗਣ ਦੇਣਾ।

3) ਜਿਹੜੀ ਸੇਵਾ ਤੁਹਾਨੂੰ ਦਿੱਤੀ ਹੈ ਇਹੋ ਹੀ ਕਰਨੀ। ਹੋਰ ਕਿਸੇ ਸੇਵਾ ਕਰਨ ਵਾਲੇ ਨਾਲ ਈਰਖਾ ਨਿੰਦਿਆ ਚੁਗਲੀ ਨਹੀਂ ਕਰਨੀ। ਕਿਸੇ ਨੂੰ ਰੱਖੀਏ ਕਿਸੇ ਨੂੰ ਤੋਰੀਏ ਕਿਸੇ ਦੀ ਸਿਫਾਰਿਸ਼ ਨਹੀਂ ਕਰਨੀ। ਜੇ ਕਿਸੇ ਦੀ ਸਿਫਾਰਿਸ਼ ਕਰੋਗੇ ਤੁਹਾਡਾ ਕੰਮ ਪਿੱਛੇ ਹੋ ਜਾਵੇਗਾ। ਇਸ ਤੋਂ ਬਾਅਦ ਜਿਵੇਂ ਬਾਬਾ ਜੀ ਦੀ ਮਰਿਯਾਦਾ ਸੀ ਨਾਨਕੇ, ਦਾਦਕੇ, ਸਹੁਰਿਆਂ ਤੇ ਹੋਰ ਆਂਢੀ-ਗੁਆਂਢੀਆਂ ਦੇ ਨਾਮ ਲਿਖਾਏ। ਉਪਰੰਤ ਸ਼ਰਾ ਜੋ ਕਿ ਸਭ ਦੀ ਕਰਦੇ ਹਨ ਭਾਈ ਰਤਨ ਸਿੰਘ ਡਰੋਲੀ ਅਤੇ ਜੈ ਕੌਰ ਦੋਹਾਂ ਦੀ ਸ਼ਰਾ ਕਰਾਈ ਗਈ। ਜਿਸ ਸਮੇਂ ਭਾਈ ਰਤਨ ਸਿੰਘ ਡਰੋਲੀ ਦੀ ਆਪਣੇ ਹੱਥਾਂ ਨਾਲ ਸ਼ਰਾ ਕਰਨ ਲੱਗੇ ਤਾਂ ਕਿਹਾ ਭਾਈ ਰਤਨ ਸਿੰਘ ਡਰੋਲੀ ਦੇ ਦਾਦੇ ਦਾ ਇੱਕ ਭਰਾ ਸੀ "ਪ੍ਰੇਮ ਸਿੰਘ", ਤੇਰਾ ਪਿਛਲਾ ਜਨਮ ਉਸ ਦਾ ਸੀ। ਫਿਰ ਬਚਨ ਕੀਤਾ ਕਿ "ਕਿਸੇ ਪਿਛਲੇ ਜਨਮ ਵਿੱਚ ਰਾਜਾ ਜੰਗ ਸ਼ਹਿਰ ਵਿੱਚ ਤੁਸੀਂ ਦੋਵੇਂ ਜੀਅ ਰਾਜਾ ਤੇ ਰਾਣੀ ਸੀ ਤੁਹਾਡੇ ਰਾਜ ਵਿੱਚ ਅਸੀਂ ਤੱਪ ਕੀਤਾ ਸੀ ਅਤੇ ਤੁਹਾਡਾ ਜਨਮ ਸਾਡੇ ਨਾਲ ਹੀ ਹੈ। ਅਸੀਂ ਸਾਧੂ ਰੂਪ ਵਿਚ, ਤੁਸੀਂ ਗ੍ਰਿਹਿਸਤੀ ਰਹੇ ਇਕੱਠੇ ਹੀ ਹਾਂ। ਪੂਰਬ ਜਨਮ ਹਮ ਤੁਮਰੇ ਸੇਵਕ ਅਬ ਤਉ ਮਿਟਿਆ ਨ ਜਾਈ॥ ਅਥਵਾ ਓਰਿ ਲਾਗਹੁ ਸੁਆਮੀ ਪ੍ਰਭ ਮੇਰੇ ਪੂਰਬ ਪ੍ਰੀਤਿ ਗੋਬਿੰਦ ਬੀਚਾਰਹੁ।"

ਅਖੀਰ ਤੇ ਬਚਨ ਕੀਤਾ ਸਵਾ ਲੱਖ ਰੁਪਈਆ ਲੈ ਲਓ। ਜਾਓ ਘਰ ਨੂੰ ਸੇਵਾ ਛੱਡ ਦਿਓ। ਕਈ ਦਿਨ ਇਹ ਬਚਨ ਕਰਦੇ ਰਹੇ। ਅਖੀਰ ਉੱਤੇ ਸੇਵਾ ਹੀ ਮੰਗੀ।

**ਸੇਵਾ ਮੰਗੈ ਸੇਵਕੋ ਲਾਈਆ ਅਪਨੀ ਸੇਵ॥**

(ਅੰਗ ੪੩)

ਫਿਰ ਸੇਵਾ ਮਿਲ ਗਈ।

## ਮੀਹੁ ਪਇਆ ਪਰਮੇਸਰਿ ਪਾਇਆ ॥
## ਜੀਅ ਜੰਤ ਸਭਿ ਸੁਖੀ ਵਸਾਇਆ ॥

ਇੱਕ ਬੜੀ ਭਾਰੀ ਔੜ ਲੱਗ ਗਈ। ਫਸਲਾਂ ਸੁੱਕ ਰਹੀਆਂ ਸਨ। ਜੀਅ, ਜੰਤ ਅਤੇ ਸਾਰੀ ਬਨਾਸਪਤੀ ਅੱਤ ਦੀ ਗਰਮੀ ਵਿੱਚ ਸੁੱਕ ਸੜ ਰਹੀ ਸੀ। ਛੱਪੜਾਂ ਵਿੱਚੋਂ ਪਾਣੀ ਮੁੱਕ ਗਿਆ ਸੀ। ਬਾਬਾ ਜੀ ਦੇ ਸ਼ਰਧਾਲੂ ਲਹਿਰਾ ਖਾਨਾ ਤੇ ਭੁੱਚੋਂ ਕਲਾਂ ਤੋਂ ਮਿਲਕੇ ਬਾਬਾ ਜੀ ਪਾਸ ਬੇਨਤੀ ਕਰਨ ਲੱਗੇ ਕਿ "ਸੱਚੇ ਪਾਤਸ਼ਾਹ, ਮੀਂਹ ਪਾਉ।" ਬੜੇ ਦੁੱਖੀ ਹੋਏ ਹਾਂ। ਬਾਬਾ ਜੀ ਨੇ ਬਚਨ ਕੀਤਾ "ਸਾਰੇ ਪਿੰਡਾ ਦੀ ਪੰਚਾਇਤ ਇਕੱਠੀ ਹੋ ਕੇ ਛੱਪੜ ਪੁੱਟੋ। ਮੀਂਹ ਪੈ ਜਾਵੇਗਾ।" ਹੁਕਮ ਅਨੁਸਾਰ ਸਭ ਨਗਰ-ਭੁੱਚੋਂ ਨਗਰ ਦੀ, ਲਹਿਰੇ ਖਾਨੇ ਦੀ, ਸੇਮੇ ਦੀ ਸਾਰੀ ਸੰਗਤ ਨੇ ਮਿਲ ਕੇ ਛੱਪੜ ਪੁੱਟਿਆ। ਸਵੇਰੇ ਕੰਮ ਆਰੰਭ ਕੀਤਾ। ਦੁਪਹਿਰ ਵੇਲੇ ਤੋਂ ਕੁਝ ਪਿਛੋਂ ਛੱਪੜ ਪੁੱਟ ਕੇ ਮੁੰਕਮਲ ਕਰ ਦਿੱਤਾ। ਇਸ ਸਮੇਂ ਤੱਕ ਬਾਬਾ ਜੀ ਵੀ ਆਪਣੇ ਆਸਣ ਤੋਂ ਉਠ ਕੇ ਬਾਹਰ ਆ ਗਏ। ਛੱਪੜ ਪੁੱਟਣ ਵਾਲੀ ਸੰਗਤ ਵਿੱਚੋਂ ਨੌਜਵਾਨਾਂ ਨੂੰ ਹੁਕਮ ਕੀਤਾ "ਆਓ ਆਪਾਂ ਇਕੱਠੇ ਹੋ ਕੇ ਬੋਲੀਆਂ ਪਾਈਏ।" ਹੁਕਮ ਅਨੁਸਾਰ ਇਵੇਂ ਹੀ ਕੀਤਾ ਗਿਆ। ਕੁਝ ਸਮੇਂ ਬਾਅਦ ਸੂਰਜ ਦੇ ਕੋਲ ਇੱਕ ਨਿੱਕੀ ਜਿਹੀ ਬਦਲੀ ਵਿਖਾਈ ਦਿੱਤੀ। ਉਪਰੰਤ ਬਾਬਾ ਜੀ ਨੇ ਬਚਨ ਕੀਤਾ "ਲਓ ਬਈ ਕਹੀਆਂ ਲੈ ਕੇ ਆਪੋ ਆਪਣੇ ਖੇਤਾਂ ਦੀਆਂ ਵੱਟਾ ਬੰਨ ਲਉ। ਇੰਦਰ ਮੁੰਡਾ ਆ ਗਿਆ ਹੈ।" ਇਸ ਬਚਨ ਨੂੰ ਸੁਨਣ ਸਾਰ ਹੀ ਕਈ ਪ੍ਰੇਮੀ ਤਾਂ ਇਥੋਂ ਨੂੰ ਭੱਜ ਗਏ। ਕਈ ਉਥੇ ਹੀ ਖੜੇ ਰਹੇ। ਉਪਰੰਤ ਥੋੜ੍ਹੇ ਹੀ ਸਮੇਂ ਵਿੱਚ ਇਤਨੀ ਜ਼ਬਰਦਸਤ ਬਾਰਸ਼ ਹੋਈ ਸਭ ਖੇਤਾਂ ਵਿੱਚ ਜਲ ਹੀ ਜਲ ਹੋ ਗਿਆ। ਛੱਪੜ ਵੀ ਭਰ ਗਏ।

**ਜਲ ਤੇ ਥਲ ਕਰਿ ਥਲ ਤੇ ਕੂਆ ਕੂਪ ਤੇ ਮੇਰੁ ਕਰਾਵੈ ॥**

ਅਥਵਾ

**ਰਾਜਾ ਸ੍ਰਮ ਮਿਤਿ ਨਹੀਂ ਜਾਨੀ ਤੇਰੀ॥**
**ਤੇਰੇ ਸੰਤਨ ਕੀ ਹਉ ਚੇਰੀ॥**

ਇਸ ਪ੍ਰਸੰਗ ਸਮੇਂ ਸੂਬੇਦਾਰ ਹਰਦਿਆਲ ਸਿੰਘ ਤੇ ਨਾਜਰ ਸਿੰਘ ਲਹਿਰਾ ਖਾਨਾ ਵਾਲੇ ਨਾਲ ਸਨ।

ਇਹ ਬਚਨ ਮਿਲਿਆ ਸ੍ਰ. ਉਜਾਗਰ ਸਿੰਘ ਲਹਿਰੇ ਖਾਨੇ ਵਾਲੇ ਪਾਸੋਂ।

## ਸਭੇ ਇਛਾ ਪੂਰੀਆ ਲਗਿ ਪ੍ਰਭ ਕੈ ਪਾਵੈ ॥

ਵਾਹਿਗੁਰੂ ਦਾਤਾ ਦੇ ਰਿਹਾ ਹੈ, ਸਭ ਨੂੰ ਦੇ ਰਿਹਾ। ਕਿਸੇ ਨੂੰ ਪਹਿਲੋਂ ਅਤੇ ਕਿਸੇ ਨੂੰ ਕੁਝ ਸਮਾਂ ਪਿੱਛੋਂ। ਬਾਣੀ ਵਿੱਚ ਫੁਰਮਾਨ ਹੈ –

**ਜੀਵੈ ਦਾਤਾ ਦੇਵਣਹਾਰੁ॥**

ਅਥਵਾ

**"ਜੀਵੈ ਦਾਤਾ ਮਰੈ ਨ ਕੋਇ"**

ਕਿਸੇ ਵਿਦਵਾਨ ਦਾ ਕਥਨ ਹੈ। ਸਮੇਂ ਤੋਂ ਪਹਿਲਾਂ ਕੁਝ ਨਹੀਂ ਮਿਲਦਾ ਅਤੇ ਫਿਰ ਜਿਤਨਾ ਕੁ ਮਿਲਣਾ ਹੈ, ਉਸਤੋਂ ਵੱਧ ਨਹੀਂ ਮਿਲਦਾ। ਇੱਕ ਗੁਰਮੁਖ ਪਿੰਡ ਭਲਾਈਆਣੇ ਤੋਂ ਨਰੈਣ ਸਿੰਘ ਨਾਮ ਸੀ। ਇਸਦੀ ਪਹਿਲੀ ਸ਼ਾਦੀ ਰਾਉਕੇ ਹੋਈ। ਉਸਦਾ ਨਾਮ ਅਤਰ ਕੌਰ ਸੀ। ਸ਼ਾਦੀ ਤੋਂ ਸੋਲਾਂ ਸਾਲ ਬਾਅਦ ਕੋਈ ਸੰਤਾਨ ਨਹੀਂ ਹੋਈ। ਉਪਰੰਤ ਅਤਰ ਕੌਰ ਗੁਜ਼ਰ ਗਈ। ਨਰੈਣ ਸਿੰਘ ਦਾ ਮਨ ਉਦਾਸ ਹੋ ਗਿਆ। ਇਸ ਦੌਰਾਨ ਨਰੈਣ ਸਿੰਘ ਘਰੋਂ ਬਾਹਰ ਸਾਧੂ ਸੰਤਾਂ ਦੀ ਸੰਗਤ ਕਰਨ ਲੱਗ ਪਿਆ। ਨਰੈਣ ਸਿੰਘ ਦੇ ਦੋ ਭਰਾ ਹੋਰ ਸਨ, ਬੱਗਾ ਸਿੰਘ ਤੇ ਭਗਵਾਨ ਸਿੰਘ। ਬੱਗਾ ਸਿੰਘ ਨੇ ਵੱਡੇ ਭਰਾ ਨਰੈਣ ਸਿੰਘ ਦਾ ਮਨ ਉਦਾਸ ਵੇਖ ਕੇ ਨਰੈਣ ਸਿੰਘ ਨੂੰ ਇੱਕ ਭਤੀਜਾ ਹੀਰਾ ਸਿੰਘ ਨਾਮੀ ਦੇ ਦਿੱਤਾ ਅਤੇ ਕਹਿ ਦਿੱਤਾ ਇਸਨੂੰ ਆਪਣਾ ਪੁੱਤਰ ਬਣਾ ਲਓ। ਉਪਰੰਤ ਹੀਰਾ ਸਿੰਘ ਜੁਆਨ ਹੋ ਕੇ ਆਪਣੀ ਮਨ ਮਰਜ਼ੀ

ਕਰਨ ਲੱਗ ਪਿਆ। ਕਿਸੇ ਵਕਤ ਨਰੈਣ ਸਿੰਘ ਨੇ ਹੀਰਾ ਸਿੰਘ ਨੂੰ ਕਿਸੇ ਗੱਲੋਂ ਤਾੜਿਆ। ਫਿਰ ਹੀਰਾ ਸਿੰਘ ਦੀ ਮਾਈ ਨੇ ਨਰੈਣ ਸਿੰਘ ਨੂੰ ਆਖਿਆ ਕਿ ਇਹ ਪੁੱਤਰ ਤੈਨੂੰ ਘੂਰਨ ਵਾਸਤੇ ਨਹੀਂ ਦਿੱਤਾ। ਜਾਂ ਤਾਂ ਆਪਣੀ ਜ਼ਮੀਨ ਇਸਦੇ ਨਾਮ ਕਰਾ ਦੇ। ਨਹੀਂ ਤਾਂ ਇਸਨੂੰ ਘੂਰਨਾ ਨਹੀਂ। ਉਪਰੰਤ ਨਰੈਣ ਸਿੰਘ ਦੇ ਮਨ ਉੱਤੇ ਇਸ ਗੱਲ ਦੀ ਬੜੀ ਸੱਟ ਵੱਜੀ। ਕੁਝ ਦਿਨਾਂ ਬਾਅਦ ਨਰੈਣ ਸਿੰਘ ਦਾ ਇੱਕ ਪੰਡਿਤ ਨਾਲ ਮਿਲਾਪ ਹੋਇਆ। ਨਰੈਣ ਸਿੰਘ ਨੇ ਉਸ ਪੰਡਿਤ ਨੂੰ ਆਪਣੇ ਮਨ ਦਾ ਦੁੱਖ ਦੱਸ ਕੇ ਇਸ ਦੁੱਖ ਨੂੰ ਹਟਾਉਣ ਦਾ ਕੋਈ ਉਪਾਅ ਪੁੱਛਿਆ। ਉੱਤਰ ਵਿੱਚ ਪੰਡਿਤ ਨੇ ਬਾਬਾ ਮਹਾਂ ਹਰਿਨਾਮ ਸਿੰਘ ਜੀ ਦਾ ਨਾਮ ਲਿਆ। ਫਿਰ ਦੱਸਿਆ ਕਿ ਤੂੰ ਉਥੇ ਪਹੁੰਚ। ਤੇਰੇ ਸਭ ਦੁੱਖ ਦੂਰ ਹੋ ਜਾਣਗੇ "ਸਰਬ ਸੁੱਖਾਂ ਦੇ ਦਾਤੇ" ਮਹਾਂਪੁਰਖ ਭੁੱਚੋਂ ਬੈਠੇ ਹਨ। ਉਥੇ ਪਹੁੰਚ। ਨਾਲ ਪੰਡਿਤ ਨੇ ਦੱਸਿਆ ਇਹ ਮਹਾਂਪੁਰਖ ਦੁੱਧ ਹੀ ਪ੍ਰਸੰਨ ਹੋ ਕੇ ਵਰਤਦੇ ਹਨ। ਇਸ ਤੋਂ ਬਾਅਦ ਸਵੇਰੇ ਨਰੈਣ ਸਿੰਘ ਨੇ ਉਠ ਕੇ ਦੋ ਮਹੀਆਂ ਦਾ ਦੁੱਧ ਚੋ ਕੇ ਬਰਤਨ ਵਿੱਚ ਪਾ ਕੇ ਬਾਲੂਆਣੇ ਸਟੇਸ਼ਨ ਤੋਂ ਗੱਡੀ ਚੜ੍ਹ ਕੇ ਭੁੱਚੋਂ ਮੰਡੀ ਸਟੇਸ਼ਨ ਤੇ ਆ ਪਹੁੰਚਿਆ। ਉਪਰੰਤ ਜਿਸ ਵਕਤ ਨਰੈਣ ਸਿੰਘ ਭੁੱਚੋਂ ਪਹੁੰਚਿਆ ਸੰਗਤ ਵੀ ਬੈਠੀ ਸੀ ਜੋ ਸੇਵਾਦਾਰ ਉਸ ਵੇਲੇ ਹਾਜ਼ਰ ਸਨ-ਬਾਬਾ ਈਸ਼ਰ ਸਿੰਘ ਜੀ ਰੋੜੀ ਵਾਲੇ, ਭਾਈ ਰਤਨ ਸਿੰਘ ਡਰੋਲੀ, ਭਜਨ ਸਿੰਘ ਮਹਿਰਾ ਲਾਂਗਰੀ, ਭਾਈ ਨੀਲਾ ਸਿੰਘ ਮੌਕੇ ਉੱਤੇ ਹਾਜ਼ਰ ਸਨ। ਇਸ ਤੋਂ ਬਾਅਦ ਨਰੈਣ ਸਿੰਘ ਤਕਰੀਬਨ ਡੇਢ ਸਾਲ ਸੇਵਾ ਵਿੱਚ ਰਿਹਾ। ਫਿਰ ਇਸ ਦੌਰਾਨ ਕਈ ਵਾਰ ਨਰੈਣ ਸਿੰਘ ਦੇ ਘਰ ਉਸਦੇ ਭਰਾ ਆਏ। ਪਰੰਤੂ ਕਿਸੇ ਨਾਲ ਕੋਈ ਗੱਲ ਨਹੀਂ ਕਰਨੀ। ਨਰੈਣ ਸਿੰਘ ਨੇ ਘਰ ਜਾਣਾ। ਫਿਰ ਮੁੜ ਕੇ ਸੇਵਾ ਵਿੱਚ ਹਾਜ਼ਰ ਹੋ ਜਾਣਾ। ਇੱਕ ਵਾਰ ਨਰੈਣ ਸਿੰਘ ਘਰ ਆਇਆ। ਕੀ ਵੇਖਿਆ ਇਨ੍ਹਾਂ ਦੇ ਨਗਰ ਦਾ ਚੰਗੀ ਜਾਇਦਾਦ ਦਾ ਮਾਲਕ ਜ਼ਮੀਨ ਭਤੀਜਿਆ ਦੇ ਨਾਮ ਕਰਵਾ ਕੇ ਆਪ ਰੋਟੀ ਇਨ੍ਹਾਂ ਦੇ ਘਰੋ ਖਾ ਰਿਹਾ ਹੈ। ਨਰੈਣ ਸਿੰਘ ਨੇ ਆਪਣੀ ਮਾਤਾ ਤੋਂ ਸਾਰੀ ਗੱਲ ਪੁੱਛੀ ਤਾਂ ਮਾਤਾ ਨੇ ਦੱਸਿਆ ਇਹ ਰੋਟੀ ਲੋਕਾਂ ਦੇ ਘਰ

ਹੀ ਕਦੇ ਕਿਤੇ ਕਦੇ ਕਿਤੇ ਖਾਂਦਾ ਹੈ। ਫਿਰ ਨਰੈਣ ਸਿੰਘ ਦੇ ਮਨ ਵਿੱਚ ਆਈ ਕਿ ਮੇਰੇ ਨਾਲ ਵੀ ਇਵੇਂ ਹੀ ਹੋਣੀ ਸੀ। ਅਗਲੇ ਦਿਨ ਨਰੈਣ ਸਿੰਘ ਫਿਰ ਭੁੱਚੋ ਪਹੁੰਚ ਗਿਆ। ਮੱਥਾ ਟੇਕਣ ਸਾਰ ਹੀ ਹਜ਼ੂਰ ਨੇ ਬਚਨ ਕੀਤਾ "ਤੇਰਾ ਇੰਤਜ਼ਾਮ ਕਰਾਂਗੇ।" ਪਰ ਨਰੈਣ ਸਿੰਘ ਇਸ ਗੱਲ ਨੂੰ ਸਮਝ ਨਾਂ ਸਕਿਆ। ਕੁਝ ਦਿਨਾਂ ਉਪਰੰਤ ਬਾਬਾ ਜੀ ਨੇ ਬਚਨ ਕੀਤਾ "ਨਰੈਣ ਸਿੰਘ ਤੇਰੇ ਦੋ ਪੁੱਤਰ ਹਨ" ਉਪਰੰਤ ਨਰੈਣ ਸਿੰਘ ਨੇ ਬੇਨਤੀ ਕੀਤੀ "ਸੱਚੇ ਪਾਤਸ਼ਾਹ, ਮੇਰੇ ਘਰਵਾਲੀ ਤਾਂ ਮਰ ਗਈ। ਸੋਲਾਂ ਸਾਲ ਤਕ ਉਸਦੇ ਘਰ ਔਲਾਦ ਨਹੀਂ ਹੋਈ।" ਕੁਝ ਦਿਨਾਂ ਬਾਅਦ ਹੀ ਬਾਬਾ ਜੀ ਨੇ ਬੜੀ ਗਰਜਵੀਂ ਅਵਾਜ਼ ਵਿੱਚ ਅੰਦਰ ਬੈਠਿਆ ਅਵਾਜ਼ ਦਿੱਤੀ "ਨਰੈਣ ਸਿੰਘ ਤੈਨੂੰ ਬੜਾ ਜ਼ਰੂਰੀ ਕੰਮ ਹੈ। ਤੂੰ ਘਰ ਪਹੁੰਚ।" ਇਸ ਬਚਨ ਅਨੁਸਾਰ ਆਗਿਆ ਲੈ ਕੇ ਨਰੈਣ ਸਿੰਘ ਘਰ ਆਇਆ ਤਾਂ ਅਗੋਂ ਨਰੈਣ ਸਿੰਘ ਦੀ ਮਾਤਾ ਕੋਲ ਨਰੈਣ ਦੀ ਇੱਕ ਭਰਜਾਈ ਬੈਠੀ ਸੀ। ਉਹ ਨਰੈਣ ਸਿੰਘ ਦੇ ਜਾਣਸਾਰ ਹੀ ਬੋਲੀ "ਲੈ ਜਿਸਦੀ ਗੱਲ ਕਰਦੀਆਂ ਸੀ ਉਹ ਵੀ ਆ ਗਿਆ ਹੈ।" ਤੇ ਫਿਰ ਉਸਨੇ ਆਪਣੀ ਭਤੀਜੀ ਦਾ ਰਿਸ਼ਤਾ ਲੈ ਆਉਣ ਦੀ ਗੱਲ ਕੀਤੀ। ਨਾਲ ਹੀ ਨਰੈਣ ਸਿੰਘ ਨੂੰ ਕਿਹਾ "ਅਸੀਂ ਤੇਰੇ ਵੱਲ ਅੱਜ ਬੰਦਾ ਭੇਜ ਰਹੇ ਸੀ।" ਉਪਰੰਤ ਨਰੈਣ ਸਿੰਘ ਨੇ ਸਮਝਿਆ ਭਰਜਾਈ ਮਖੌਲ ਕਰ ਰਹੀ ਹੈ। ਇਧਰ ਨਰੈਣ ਸਿੰਘ ਨੇ ਕਿਹਾ "ਮੇਰੀ ਉਮਰ ਵਿਆਹ ਕਰਾਉਣ ਦੀ ਨਹੀਂ।" ਅਖੀਰ ਗੱਲ ਸੱਚੀ ਨਿਕਲੀ। ਫਿਰ ਰਿਸ਼ਤਾ ਪੱਕਾ ਹੋ ਗਿਆ ਅੰਤਰਜਾਮੀ ਬਾਬਾ ਜੀ ਦੇ "ਸਗਲ ਸਰੰਜਮ ਕਰੇ ਪ੍ਰਭ ਆਪੇ" ਦੇ ਵਾਕ ਅਨੁਸਾਰ ਸਭ ਕਾਰਜ ਹੋ ਗਏ। ਵਿਆਹ ਵੀ ਹੋ ਗਿਆ। ਵਿਆਹ ਤੋਂ ਬਾਅਦ ਨਰੈਣ ਸਿੰਘ ਤੇ ਇਸਦੀ ਦੂਜੀ ਘਰਵਾਲੀ ਦਾਨ ਕੌਰ ਮੱਥਾ ਟੇਕਣ ਆਏ। ਉਪਰੰਤ ਬਾਬਾ ਜੀ ਦੇ ਹੁਕਮ ਅਨੁਸਾਰ ਦੋ ਲੜਕੇ ਵੀ ਹੋ ਗਏ, ਗੁਰਨਾਮ ਸਿੰਘ ਤੇ ਹਰਿਨਾਮ ਸਿੰਘ, ਜੋ ਅੱਜ ਤੱਕ ਮੌਜੂਦ ਹਨ।

1) **ਸ੍ਰੀ ਸੰਤ ਮਹਾਂ ਹਰਿਨਾਮ ਸਿੰਘ ਤੂੰ ਸੰਮ੍ਰਥ ਦਾਤਾਰ**
**ਦਾਤਾਰਾਂ ਸਿਰ ਦਾਤਾਰ ਤੇਰੇ ਦਰਸ਼ਨ ਤੋਂ ਬਲਿਹਾਰ**

**ਦਰਸਨ ਤੋਂ ਬਲਿਹਾਰ ਹੇ ਸਭ ਘਟ ਕੇ ਦਾਤਾਰ**
**ਮਨ ਦੀ ਵਿਥਿਆ ਜਾਣਦਾ ਸਰਦਾਗਤ ਪ੍ਰਤਪਾਰ**
**ਸਗਲ ਭਵਨ ਕੇ ਨਾਇਕਾ ਦਰਸਨ ਬਖਸੋ ਇਕ ਘਰੀ**
**ਪਰਮ ਜੋ ਰੂਪ ਪੂਰਨ ਪਰਮੇਸਰ ਪਰਮ ਜੋਤ ਪਰਮੇਸਰੀ**

ਇਹ ਪ੍ਰਸੰਗ ਹਰਿਨਾਮ ਸਿੰਘ ਪੁੱਤਰ ਨਰੈਣ ਸਿੰਘ ਭਲਾਈਆਣੇ ਨੇ ਲਿਖਾਇਆ।

## ਰਾਮ ਰਾਇ ਹੋਹਿ ਬੈਦ ਬਨਵਾਰੀ ॥
## ਅਪਨੇ ਸੰਤਹ ਲੇਹੁ ਉਬਾਰੀ ॥

ਇਕ ਬੀਬੀ ਜਿਸ ਦਾ ਨਾਂ ਬਚਨ ਕੌਰ ਸੀ। ਦੂਰੋ ਨੇੜੇ ਰਿਸ਼ਤੇਦਾਰੀ ਵਿੱਚ ਜਿਊਣੇ ਮੌੜ ਦੀ ਭਰਜਾਈ ਲੱਗਦੀ ਸੀ। ਇਸਦੀ ਰਿਸ਼ੇਤਦਾਰੀ ਕੱਚੀ ਭੁੱਚੋਂ ਸੀ। ਜੀਓਣਾ ਮੌੜ ਭਗੌੜਾ ਹੋਣ ਕਰਕੇ ਮਗਰ ਪੁਲਿਸ ਲੱਗੀ ਸੀ। ਸਾਰੇ ਰਿਸ਼ਤੇਦਾਰਾਂ ਵਿੱਚ ਡਰ ਅਤੇ ਸਹਿਮ ਛਾਇਆ ਹੋਇਆ ਸੀ। ਇਸ ਮਾਈ ਬਚਨ ਕੋਰ ਨੂੰ ਅਜਿਹਾ ਲਾ-ਇਲਾਜ ਰੋਗ ਲੱਗਾ, ਲੱਖ ਯਤਨ ਕਰਨ ਨਾਲ ਵੀ ਰੋਗ ਨਾ ਹਟੇ ਕਿਸੇ ਨੂੰ ਬੀਮਾਰੀ ਸਮਝ ਨਾ ਆਵੇ। ਰੋਗ ਰੋਜ ਦੀ ਰੋਜ ਵੱਧਦਾ ਜਾਵੇ। ਅਖੀਰ ਬਚਨ ਕੌਰ ਮਾਈ ਸ਼ਾਮ ਕੌਰ ਨੂੰ ਨਾਲ ਲੈ ਕੇ ਬਾਬਾ ਜੀ ਪਾਸ ਪਹੁੰਚੀ ਅਤੇ ਆਪਣੀ ਤਕਲੀਫ ਦੱਸੀ। ਸੁਣ ਕੇ ਬਾਬਾ ਜੀ ਨੇ ਬਚਨ ਕੀਤਾ "ਨੀਲਾ ਸਿਆਂ, ਇਸ ਮਾਈ ਨੂੰ ਪਾਣੀ ਵਿੱਚ ਗੁੜ ਘੋਲ ਕੇ, ਵਿੱਚ ਕਣਕ ਦਾ ਆਟਾ ਪਾ ਕੇ ਪਿਲਾ ਦਿਓ।" ਹੁਕਮ ਅਨੁਸਾਰ ਇਵੇਂ ਹੀ ਕੀਤਾ ਗਿਆ। ਉਪਰੰਤ ਜਿਹੜੀ ਬਚਨ ਕੌਰ ਅੱਗੇ ਬਹੁਤ ਤੰਗ ਸੀ ਹੁਕਮ ਨਾਲ ਪਾਣੀ ਪੀਣ ਸਾਰ ਹੀ ਅਰੋਗ ਹੋ ਗਈ। ਸਵੇਰੇ ਤੋਂ ਲੈ ਕੇ ਸ਼ਾਮ ਤਕ ਬੈਠੀਆਂ ਰਹੀਆਂ ਸ਼ਾਮ ਨੂੰ ਬਾਬਾ ਜੀ ਨੇ ਘਰ ਜਾਣ ਦੀ ਆਗਿਆ ਦਿੱਤੀ। ਇਹ ਸੀ ਮਹਾਂਪੁਰਖ ਦੇ ਦਰਸ਼ਨ ਦੀ ਸਿਫਤ ਅਤੇ ਬਚਨ ਆਟੇ ਦੀ ਚੁਟਕੀ ਗੁੜ ਦੀ ਰੋੜੀ ਜਾਂ ਪਾਣੀ। ਬਾਣੀ ਵਿੱਚ ਫੁਰਮਾਨ ਹੈ .

**ਅਉਖਦ ਆਏ ਰਾਸਿ ਵਿਚਿ ਆਪਿ ਖਲੋਇਆ**

ਇਹ ਪ੍ਰਸੰਗ ਲਛੱਮਣ ਸਿੰਘ ਭਲੋਰੀਆ ਕੱਚੀ ਭੁੱਚੋ ਵਾਸੀ ਪਾਸੋਂ ਮਿਲਿਆ।

## ਕਾਟੇ ਕਸਟ ਪੂਰੇ ਗੁਰਦੇਵ

ਪਿੱਛੇ ਪਾਠਕ ਭਾਈ ਰਤਨ ਸਿੰਘ ਡਰੋਲੀ ਤੇ ਉਨ੍ਹਾਂ ਦੀ ਧਰਮ ਪਤਨੀ ਜੈ ਕੌਰ ਨੂੰ ਸੇਵਾ ਮਿਲਣ ਦਾ ਪ੍ਰਸੰਗ ਪੜ੍ਹ ਚੁੱਕੇ ਹਨ। ਇਨ੍ਹਾਂ ਦਿਨਾਂ ਵਿੱਚ ਜੈ ਕੌਰ ਨੇ ਅਚਾਨਕ ਸੁਪਨੇ ਵਿੱਚ ਇੱਕ ਮੁਰਦਾ ਆਪਣੇ ਸਰੀਰ ਨਾਲ ਲੱਗਾ ਵੇਖਿਆ ਅਤੇ ਉਸ ਵਿੱਚੋਂ ਬੜੀ ਬੁਦਬੂ ਆ ਰਹੀ ਸੀ। ਫਿਰ ਦੂਜੀ ਅਤੇ ਤੀਜੀ ਰਾਤ ਵੀ ਇਹੋ ਕੁਝ ਵੇਖਿਆ। ਜਿਵੇਂ-ਜਿਵੇਂ ਦਿਨ ਬੀਤਦੇ ਗਏ ਇਹ ਰੋਜ ਰਾਤ ਨੂੰ ਦਿਸੇ ਅਤੇ ਚੋਥੇ ਅਤੇ ਪੰਜਵੇਂ ਦਿਨ ਤਾਂ ਇਹ ਪ੍ਰਤੱਖ ਹੋ ਗਿਆ। ਸਰੀਰ ਉੱਤੇ ਭਾਰ ਵੀ ਪਿਆ ਲੱਗੇ ਅਤੇ ਬਦਬੂ ਜਿਹੜੀ ਸੁਪਨੇ ਵਿੱਚ ਆਉਂਦੀ ਸੀ। ਚੌਥੇ ਦਿਨ ਪ੍ਰਤੱਖ ਜਾਗਣ ਸਮੇਂ ਵੀ ਆਵੇ ਰੋਟੀ ਖਾਣ ਸਮੇਂ ਰੋਟੀ ਵਿਚ, ਤੇ ਪਾਣੀ ਪੀਣ ਸਮੇਂ ਪਾਣੀ ਵਿੱਚੋਂ ਬਦਬੂ ਆਵੇ। ਆਖਿਰ ਜੈ ਕੌਰ ਨੇ ਬਾਬਾ ਜੀ ਨੂੰ ਪਿਛਲਾ ਸਾਰਾ ਪ੍ਰਸੰਗ ਦੱਸ ਕੇ ਬੇਨਤੀ ਕੀਤੀ ਕਿ "ਸੱਚੇ ਪਾਤਸ਼ਾਹ ਮੈਨੂੰ ਇਹ ਕਸ਼ਟ ਹੈ।" ਉਪਰੰਤ ਬਾਬਾ ਜੀ ਨੇ ਬਚਨ ਕੀਤਾ "ਦੇਵੀ, ਇਹ ਤੇਰਾ ਹਿਸਾਬ ਕਿਤਾਬ ਨਿਬੜ ਰਿਹਾ ਹੈ। ਜਿਹੜਾ ਤੈਨੂੰ ਮੁਰਦਾ ਚੰਬੜਿਆ ਅਤੇ ਬਦਬੂ ਆ ਰਹੀ ਹੈ ਇਹ ਤੈਨੂੰ ਸੱਤ ਜਨਮ ਕਹੋੜ ਹੋਣਾ ਸੀ ਤੇਰਾ ਸੱਤ ਜਨਮ ਦਾ ਕੋਹੜ ਸੱਤ ਦਿਨ ਰਾਤ ਸੁਪਨੇ ਵਿੱਚ ਭੁਗਤ ਜਾਵੇਗਾ। ਹੌਸਲਾ ਰੱਖ ਨਿਤਨੇਮ ਕਰਨਾ ਨਹੀਂ ਛੱਡਣਾ। ਸੇਵਾ ਕਰੀ ਜਾਓ। ਇਸਤੋਂ ਬਿਨਾਂ ਜੋ ਤੁਹਾਨੂੰ ਦ੍ਰਿਸ਼ਟਾਂਤ ਦਿਸੇ ਸਾਡੇ ਤੋਂ ਜਵਾਬ ਲਓ।"

ਇਸ ਤੋਂ ਉਪਰੰਤ ਆਪਣੀ ਪ੍ਰਸੰਨਤਾ ਬਖਸ਼ ਕੇ ਮਨ ਨੂੰ ਚੜਦੀ ਕਲਾ ਬਖਸ਼ੀ।

ਇਹ ਬਚਨ ਲਿਖਾਰੀ ਨੂੰ ਮਾਤਾ ਜੈ ਕੌਰ ਨੇ ਦੱਸਿਆ।

## ਜਨਮ ਭਵੰਤੇ ਨਰਕਿ ਪੜੰਤੇ ਤਿਨ ਕੇ ਕੁਲ ਉਧਾਰੇ ॥

ਇਕ ਦਿਨ ਬਾਬਾ ਮਹਾਂ ਹਰਿਨਾਮ ਸਿੰਘ ਜੀ ਨੇ ਹੁਕਮ ਦੇ ਕੇ ਪਹਿਰੇ ਉੱਤੇ ਭਾਈ ਨੀਲਾ ਸਿੰਘ ਖੜ੍ਹਾ ਕੀਤਾ ਹੋਇਆ ਸੀ। ਉਪਰੰਤ ਨੀਲਾ ਸਿੰਘ ਨੇ ਬਾਬਾ ਜੀ ਪਾਸ ਪਹੁੰਚ ਕੇ ਬੇਨਤੀ ਕੀਤੀ ਕਿ ਮਹਾਰਾਜ ਬਾਹਰ ਕੋਈ ਦਰਸ਼ਨ ਕਰਨ ਆਇਆ ਹੈ। ਬਾਬਾ ਜੀ ਨੇ ਹੁਕਮ ਕੀਤਾ "ਉਸਨੂੰ ਬਾਹੋਂ ਫੜ ਕੇ ਹਾਜ਼ਰ ਕਰੋ।" ਹੁਕਮ ਅਨੁਸਾਰ ਬਾਂਹ ਤੋਂ ਫੜ੍ਹ ਕੇ ਲੈ ਆਂਦਾ ਗਿਆ। ਸਾਹਮਣੇ ਆਉਣ ਸਾਰ ਹੀ ਹਜ਼ੂਰ ਨੇ ਬਚਨ ਕੀਤਾ "ਭਰ ਲਈਆ ਝੋਲੀਆਂ ਵਿਸ਼ੇ ਭੋਗ ਕੇ। ਤੇ ਹੁਣ ਆਪਣੀ ਹਾਲਤ ਵੇਖ ਅਜੇ ਵੀ ਵੇਲਾ ਹੈ ਸੰਭਲ ਜਾ।" ਉਪਰੰਤ ਉਸਨੇ ਚਰਨਾਂ ਵਿੱਚ ਨਮਸਕਾਰ ਕੀਤੀ ਫਿਰ ਹੁਕਮ ਹੋਇਆ "ਇਸਨੂੰ ਇਸ਼ਨਾਨ ਕਰਾਓ। ਇਸ਼ਨਾਨ ਕਰਾਉਣ ਤੋਂ ਬਾਅਦ ਵਾਪਸ ਚਰਨਾਂ ਵਿੱਚ ਹਾਜ਼ਰ ਕੀਤਾ। ਫਿਰ ਹੁਕਮ ਅਨੁਸਾਰ ਸ਼ਰਾ ਕਰਾਈ ਤੇ ਮੂਲ ਮੰਤਰ ਦਾ ਜਾਪ ਕਰਾਕੇ ਇੱਕ ਮਾਲਾ ਬਖਸ਼ ਕੇ ਹੁਕਮ ਕੀਤਾ "ਕੋਠੀ ਦੇ ਬਰਾਂਡੇ ਵਿੱਚ ਬਿਠਾ ਦਿਓ। ਅਗਲੀ ਗੱਲ ਫੇਰ ਕਰਾਂਗੇ।" ਹੁਕਮ ਅਨੁਸਾਰ ਇਵੇਂ ਹੀ ਕੀਤਾ ਗਿਆ। ਲੰਗਰ ਦੇ ਸਮੇਂ ਉੱਤੇ ਲੰਗਰ ਛਕਾਉਣ ਦਾ ਹੁਕਮ ਭਾਈ ਰਤਨ ਸਿੰਘ ਡਰੋਲੀ ਨੂੰ ਹੋਇਆ ਜਿਸ ਸਮੇਂ ਭਾਈ ਰਤਨ ਸਿੰਘ ਡਰੋਲੀ ਪ੍ਰਸ਼ਾਦਾ ਛਕਾਉਣ ਵਾਸਤੇ ਗਿਆ ਉਪਰੰਤ ਉਸਨੇ ਸਮਾਧੀ ਹੀ ਨਾਂ ਖੋਲ੍ਹੀ। ਮੁੜ ਕੇ ਬਾਬਾ ਜੀ ਪਾਸ ਬੇਨਤੀ ਕੀਤੀ। ਸੁਣ ਕੇ ਹਜ਼ੂਰ ਨੇ ਬਚਨ ਕੀਤਾ "ਫੇਰ ਸਹੀ। ਵਿਚਾਰੇ ਨੂੰ ਮਸਾ ਮਸਾ ਆਨੰਦ ਪ੍ਰਾਪਤ ਹੋਇਆ ਹੈ। ਬੈਠਾ ਰਹਿਣ ਦਿਓ।" ਉਪਰੰਤ ਉਹ ਦਿਨ ਸਾਰਾ ਬਤੀਤ ਹੋ ਗਿਆ। ਦਿਨ ਛਿਪਣ ਦੇ ਸਮੇਂ ਬਾਬਾ ਜੀ ਨੇ ਹੁਕਮ ਨਾਲ ਸਮਾਧੀ ਖੁਲ੍ਹਾਈ। ਕੁਝ ਥੋੜ੍ਹਾ ਜਿਹਾ ਪ੍ਰਸ਼ਾਦ ਛਕਾਇਆ। ਉਪਰੰਤ ਬਾਬਾ ਜੀ ਨੇ ਬਚਨ ਕੀਤਾ "ਕਿਉਂ ਬਈ ਜਿਥੇ ਅੱਗੇ ਝੱਖ ਮਾਰਦਾ ਰਿਹਾ ਹੈਂ

ਉਥੇ ਅਨੰਦ ਸੀ ਕਿ ਐਥੇ ਹੈ।" ਉਪਰੰਤ ਉਸਨੇ ਸਾਰੀਆਂ ਭੁੱਲਾਂ ਦੀ ਖਿਮਾ ਮੰਗੀ ਜੋ ਮਿਲ ਗਈ ਸੀ। ਤੇ ਫਿਰ ਹੁਕਮ ਹੋਇਆ "ਹੁਣ ਘੱਟੋ-ਘੱਟ ਇੱਕ ਸਾਲ ਉਥੇ ਰਹੋ ਜਿਥੇ ਕੋਈ ਅਵਾਜ਼ ਨਾ ਸੁਣੇ। ਨਾ ਕੋਈ ਦਿਸੇ।"ਉਪਰੰਤ ਸਾਰੀ ਮਰਿਯਾਦਾ ਕਰਾ ਕੇ ਜਾਣ ਦੀ ਆਗਿਆ ਮਿਲੀ। ਜਾਣ ਸਮੇਂ ਉਸ ਪ੍ਰੇਮੀ ਨੇ ਖਾਣ ਦੀ ਬਾਬਤ ਆਗਿਆ ਮੰਗੀ ਤਾਂ ਹੁਕਮ ਹੋਇਆ "ਜਿਨਿ ਜੀਉ ਦੀਆ ਸ-ਰਿਜਕ ਅੰਬਰਾਵੈ ਸਭ ਘਟ ਭੀਤਰਿ ਹਾਟੁ ਚਲਾਵੈ। ਤੂੰ ਬੇਫਿਕਰ ਹੋ ਕੇ ਨਾਮ ਜਪੁ।"

ਇਹ ਪ੍ਰਸੰਗ ਮਾਤਾ ਪਿਤਾ ਪਾਸੋਂ ਮਿਲਿਆ।

## ਅਪਨੀ ਸੇਵਾ ਆਪਿ ਕਰਾਈ<br>ਗੁਰ ਮਤਿ ਅੰਤਰਿ ਜਾਗੀ ॥

ਬੰਦਾ ਸਮਝਦਾ ਹੈ ਮੈਂ ਆਪਣੀ ਤਾਕਤ ਨਾਲ ਸੇਵਾ ਸਿਮਰਨ ਕਰਦਾ ਹਾਂ। ਪਰੰਤੂ ਬਾਣੀ ਦਾ ਫੁਰਮਾਨ ਹੈ "ਆਪਹੁ ਕਛੂ ਨ ਹੋਇ ਪ੍ਰਭ ਨਦਰਿ ਨਿਹਾਲੀਐ।" ਜੋ ਤੂੰ ਕਰਾਉਣਾ ਹੈ, ਉਹੀ ਹੋਣਾ ਹੈ। ਤੇਰੀ ਮਿਹਰ ਵਿੱਚ ਹੀ ਸਭ ਕੁਝ ਹੈ। ਇੱਕ ਵਾਰ ਬਾਬਾ ਜੀ ਮਹਾਰਾਜ ਨੇ ਭਾਈ ਰਤਨ ਸਿੰਘ ਡਰੋਲੀ ਨੂੰ ਹੁਕਮ ਕੀਤਾ "ਅੱਜ ਰਾਤ ਨੂੰ ਪੱਖੇ ਦੀ ਸੇਵਾ ਤੂੰ ਕਰਨੀ ਹੈ।" ਹੁਕਮ ਅਨੁਸਾਰ ਸਾਰੀ ਰਾਤ ਹੀ ਇੱਕ ਸੇਵਾਦਾਰ ਪੱਖਾ ਕਰਦਾ ਸੀ। ਫਿਰ ਹੁਕਮ ਅਨੁਸਾਰ ਹੀ ਇਕੋ ਜਗ੍ਹਾ ਖੜੇ ਹੋਣਾ ਲਾਜ਼ਮੀ ਸੀ। ਪਹਿਲਾਂ ਤਾਂ ਮਨ —ਵਿੱਚ ਖਿਆਲ ਆਇਆ ਕਿ ਸਾਰੀ ਰਾਤ ਕਿਸ ਤਰ੍ਹਾਂ ਗੁਜ਼ਰੇਗੀ। ਹੁਕਮ ਅਨੁਸਾਰ ਪੰਜ ਇਸ਼ਨਾਨ ਕਰਕੇ ਮੂੰਹ ਅੱਗੇ ਕੱਪੜਾ ਕਰਕੇ ਰਾਤ ਨੂੰ ਪੱਖੇ ਦੀ ਸੇਵਾ ਆਰੰਭ ਕਰ ਦਿੱਤੀ। ਉਪਰੰਤ ਸੇਵਾ ਵਿੱਚ ਐਸੀ ਬਿਰਤੀ ਲੱਗੀ ਅਤੇ ਅਨੰਦ ਆਇਆ ਜੋ ਕਹਿਣ ਕਥਨ ਤੋਂ ਬਾਹਰ ਹੈ। ਰਾਤ ਬੀਤਦੀ ਮਲੂਮ ਹੀ ਨਾ ਹੋਈ। ਉਸ ਵਕਤ ਹੀ ਪਤਾ ਲੱਗਾ ਜਿਸ ਵੇਲੇ ਪਹੁ ਫੁਟਣ ਦਾ ਸਮਾਂ ਹੋ ਗਿਆ। ਬਾਹਰੋਂ ਚਿੜੀਆਂ ਦੀ ਅਵਾਜ਼ ਆਉਣ

ਲੱਗ ਪਈ। ਬਾਬਾ ਜੀ ਨੇ ਬਚਨ ਕੀਤਾ "ਕਿਉਂ ਰਾਤ ਜਾਂਦੀ ਦਾ ਪਤਾ ਲੱਗਾ ਹੈ ਤਾਂ ਰਤਨ ਸਿੰਘ ਡਰੋਲੀ ਨੇ ਬੇਨਤੀ ਕੀਤੀ "ਮਹਾਰਾਜ, ਕੋਈ ਪਤਾ ਨਹੀਂ ਲੱਗਾ।"ਉਪਰੰਤ ਬਾਬਾ ਜੀ ਨੇ ਬਚਨ ਕੀਤਾ "ਇਸ ਅਵੱਸਥਾ ਵਿੱਚ ਸੇਵਕ ਨੂੰ ਲੈ ਕੇ ਜਾਕੇ ਸੇਵਾ ਕਰਾਈਦੀ ਹੈ।"

ਇਸ ਅਵੱਸਥਾ ਵਿੱਚ ਹੀ ਪੁਰਾਣੇ ਰਿਖੀ ਹਜਾਰਾਂ ਸਾਲ ਸਮਾਧੀ ਲਾਉਂਦੇ ਸਨ।

## ਜਾ ਕੈ ਮੁਸਤਕਿ ਭਾਗ ਸਿ ਸੇਵਾ ਲਾਇਆ ॥

ਠੀਕ ਇਸੇ ਸਮੇਂ ਹੀ ਨੰਬਰਦਾਰ ਈਸ਼ਰ ਸਿੰਘ ਮਲੂਕਾ ਨਿਵਾਸੀ ਨੂੰ ਸੇਵਾ ਕਰਨ ਦਾ ਸੁਭਾਗ ਪ੍ਰਾਪਤ ਹੋਇਆ। ਨਾਮ, ਗੋਤ ਨਾਨਕੇ, ਸਹੁਰੇ, ਸਾਕ-ਸਬੰਧੀਆ ਸਭ ਦੇ ਨਾਮ ਪੁੱਛੇ ਅਤੇ ਲਿਖਾਏ। ਆਪਣੀ ਮਰਿਯਾਦਾ ਸਮਝਾ ਕੇ ਸੇਵਾ ਬਖਸ਼ ਦਿੱਤੀ ਜਿਨ੍ਹਾਂ ਨੇ ਸੇਵਾ ਕੀਤੀ, ਦਰਸ਼ਨ ਕੀਤੇ, ਉਨ੍ਹਾਂ ਗੁਰਮਖਾਂ ਦੇ ਭਾਗਾਂ ਦੀ ਸਿਫਤ ਦੇਵਤੇ ਵੀ ਨਹੀਂ ਕਰ ਸਕਦੇ। ਵਿਚਾਰਾ ਮਨੁੱਖ ਕੌਣ ਹੈ ਜੋ ਉਨ੍ਹਾਂ ਦੀ ਸਿਫਤ ਕਰ ਸਕੇ। ਤਕਰੀਬਨ ਦੋ ਸਾਲ ਲਗਾਤਾਰ ਇਸ ਗੁਰਮੁਖ ਨੇ ਸੇਵਾ ਕੀਤੀ। ਇਸਦੇ ਸਮੇਂ ਜਿਨ੍ਹਾਂ ਦਾ ਨਿਸਤਾਰਾ ਕੀਤਾ ਹੁਣ ਉਨ੍ਹਾਂ ਦੇ ਪ੍ਰਸੰਗ ਸੁਣੋ। ਨਾਭੇ ਦਾ ਇੱਕ ਪੰਡਿਤ ਸੀ ਕਾਂਸ਼ੀ ਤੋਂ ਵਿਦਿਆ ਪੜ੍ਹ ਕੇ ਚੰਗਾ ਵਿਦਵਾਨ ਬਣ ਗਿਆ ਸੀ। ਪਰੰਤੂ ਇਸਦੇ ਔਲਾਦ ਨਹੀਂ ਸੀ। ਪੂਹਲੇ ਨਗਰ ਇਸਦੀ ਰਿਸ਼ਤੇਦਾਰੀ ਹੋਣ ਕਰਕੇ ਆਉਣਾ ਜਾਣਾ ਬਣਿਆ ਸੀ। ਇੱਕ ਵਾਰ ਪੂਹਲੇ ਨਗਰ ਤੋਂ ਬਾਬਾ ਜੀ ਦੀ ਸਿਫਤ ਸੁਣ ਕੇ ਦਰਸ਼ਨ ਕਰਨ ਆ ਗਿਆ। ਅਤੇ ਪੂਹਲੇ ਵਾਲੇ ਵੀ ਸਨ। ਜਿਸ ਸਮੇਂ ਬਾਬਾ ਜੀ ਦੀ ਹਜ਼ੂਰੀ ਵਿੱਚ ਹਾਜ਼ਰ ਹੋਏ। ਨਮਸਕਾਰ ਕਰਨ ਉਪਰੰਤ ਬੈਠ ਗਏ। ਵਿਦਵਾਨ ਦੇ ਮਨ ਵਿੱਚ ਵਿਦਿਆ ਦਾ ਮਾਣ ਹੋਣਾ ਕੁਦਰਤੀ ਹੈ। ਬਾਬਾ ਜੀ ਅੰਤਰਜਾਮੀ ਸਭ ਕੁਝ ਜਾਣਦੇ ਸਨ। ਆਪ ਹੀ ਪੁੱਛ ਲਿਆ "ਆਓ ਪੰਡਿਤ ਜੀ, ਨਾਲੇ ਪੁੱਤ ਮੰਗਦੇ ਹੋ ਨਾਲੇ ਸਵਾਲ

ਜਵਾਬ ਕਰਨਾ ਚਾਹੁੰਦੇ ਹੋ” ਪੰਡਿਤ ਨੇ ਇੱਕ ਵਾਰ ਫਿਰ ਨਮਸਕਾਰ ਕੀਤੀ। ਉਪਰੰਤ ਸੰਸਕ੍ਰਿਤ ਦਾ ਇੱਕ ਸਲੋਕ ਪ੍ਰਸ਼ਨ ਦੇ ਰੂਪ ਵਿੱਚ ਪੜ੍ਹਿਆ। ਬਾਬਾ ਜੀ ਨੇ ਉੱਤਰ ਦੇ ਰੂਪ ਵੀ ਸੰਸਕ੍ਰਿਤ ਦਾ ਸਲੋਕ ਬੋਲਿਆ। ਤਾਂ ਪੰਡਿਤ ਜੀ ਨੇ ਦੂਜਾ ਸਲੋਕ ਬੋਲਿਆ। ਹਜ਼ੂਰ ਨੇ ਫਿਰ ਜਵਾਬ ਦਿੱਤਾ। ਜਦ ਤੀਸਰਾ ਸਲੋਕ ਪੰਡਿਤ ਨੇ ਉਚਾਰਿਆ ਤਾਂ ਉੱਤਰ ਵਿੱਚ ਬਾਬਾ ਜੀ ਨੇ ਤੀਸਰੇ ਸਲੋਕ ਦੇ ਕੇ ਨਾਲ ਹੀ ਬਚਨ ਕੀਤਾ “ਬਾਜਾਂ ਨਾਲ ਬਟੇਰੀ ਖਹਿੰਦੀ ਫਿਰਦੀ ਖੰਭ ਖਹਾਉਣ ਨੂੰ।”

ਤਤਕਾਲ ਹੀ ਪੰਡਿਤ ਜੀ ਨੇ ਨਮਸਕਾਰ ਕਰਕੇ ਭੁੱਲ ਬਖਸ਼ਾਈ। ਬੇਨਤੀ ਕੀਤੀ “ਗਰੀਬ ਨਿਵਾਜ਼, ਕ੍ਰਿਪਾ ਕਰੋ, ਜੇ ਇਹ ਬਟੇਰੀ ਕੰਮ ਆ ਜਾਵੇ ਤਾਂ ਹੋਰ ਕੀ ਚਾਹੀਦਾ ਹੈ।” ਨਾਲ ਅੱਖਾਂ ਭਰ ਆਈਆਂ ਤੇ ਫਿਰ ਬਾਬਾ ਜੀ ਨੇ ਆਪਣੀ ਮਰਿਯਾਦਾ ਕਰਾਈ। ਬਚਨ ਕੀਤਾ ਕਿ “ਸ਼ੁੱਧ ਹੈ” ਤੇ ਫਿਰ ਪੰਡਿਤ ਜੀ ਨੇ ਬੇਨਤੀ ਕੀਤੀ “ਮਹਾਰਾਜ ਕ੍ਰਿਪਾ ਕਰੋ ਮੇਰੇ ਪੁੱਤਰ ਨਹੀਂ।” ਬਾਬਾ ਜੀ ਨੇ ਬਚਨ ਕੀਤਾ “ਇਕ ਚਾਹੀਦਾ ਹੈ ਕਿ ਦੋ” ਪੰਡਿਤ ਜੀ ਨੇ ਹੱਥ ਜੋੜ ਕੇ ਕਿਹਾ ਜੀ ਦੋ। ਬਾਬਾ ਜੀ ਨੇ ਬਚਨ ਕੀਤਾ “ਸ਼ੁੱਧ ਹੈ। ਦੋ ਹੋਣਗੇ। ਦੋਹਾਂ ਦੀਆਂ ਨਿਸ਼ਾਨੀਆਂ ਦੱਸ ਕੇ ਬਚਨ ਕੀਤਾ “ਜੇ ਇਹ ਨਿਸ਼ਾਨੀਆਂ ਹੋਣ ਤਾਂ ਸਾਡੇ ਦਿੱਤੇ ਸਮਝੇ।” ਕੁਝ ਸਮੇਂ ਬਾਅਦ ਠੀਕ ਉਨ੍ਹਾਂ ਨਿਸ਼ਾਨੀਆਂ ਸਮੇਤ ਦੋ ਹੀ ਪੁੱਤਰ ਹੋਏ। ਉਪਰੰਤ ਪੰਡਿਤ ਦਰਸ਼ਨ ਕਰਨ ਆਇਆ ਅਤੇ ਨਿਸ਼ਾਨੀਆਂ ਵੀ ਦੱਸੀਆਂ ਤੇ ਸ਼ੁਕਰਾਨਾ ਕੀਤਾ। ਫਿਰ ਸਾਰੀ ਉਮਰ ਦਰਸ਼ਨ ਕਰਨ ਆਉਂਦਾ ਰਿਹਾ।

ਇਹ ਪ੍ਰਸੰਗ ਰਤਨ ਸਿੰਘ ਢਿੱਲੋਂ ਨੇ ਮਲੂਕਾ ਨਿਵਾਸੀ ਈਸ਼ਰ ਸਿੰਘ ਤੋਂ ਸੁਣਿਆ ਤੇ ਲਿਖਾਇਆ।

# ਜੈਸੀ ਭੂਖ ਤੈਸੀ ਕਾ ਪੂਰਕ ਸਗਲ ਘਟਾ ਕਾ ਸੁਆਮੀ ॥

ਪਹੂਲੇ ਪਿੰਡ ਦੀ ਮਾਈ ਜਿਸਦਾ ਨਾਮ ਹਰਿਨਾਮ ਕੌਰ ਸੀ, ਬਾਬਾ ਜੀ ਦੇ ਦਰਸ਼ਨ ਅਤੇ ਸੇਵਾ ਕਰਦੀ ਹੁੰਦੀ ਸੀ। ਰੋਜ ਸੇਵਾ ਕਰਨ ਆਉਣਾ, ਪਿੰਡ ਨੂੰ ਜਾਣਾ, ਅਗਲੇ ਦਿਨ ਫਿਰ ਆਉਣਾ ਉਸਦਾ ਰੋਜ ਦਾ ਨੇਮ ਸੀ। ਇੱਕ ਦਿਨ ਬਾਬਾ ਜੀ ਨੇ ਖੁਸ਼ੀ ਵਿੱਚ ਆ ਕੇ ਪੁੱਛਿਆ "ਬੀਬੀ, ਤੂੰ ਕੀ ਚਾਹੁੰਦੀ ਹੈ ਜੋ ਤੇਰੀ ਇੱਛਾ ਹੈ ਦੱਸ।" ਤਾਂ ਉਸਨੇ ਬੇਨਤੀ ਕੀਤੀ "ਮਹਾਰਾਜ, ਮੇਰੇ ਪੋਤੇ ਪੋਤੀ ਕੋਈ ਨਹੀਂ। ਕ੍ਰਿਪਾ ਕਰੋ।" ਬਾਬਾ ਜੀ ਨੇ ਪੁੱਛਿਆ "ਕੋਈ ਲੜਕਾ ਵਿਆਹਿਆ ਹੈ" ਉਸਨੇ ਬੇਨਤੀ ਕੀਤੀ "ਜੀ ਦੋਵੇਂ ਲੜਕੇ ਹੀ ਵਿਆਹੇ ਹੋਏ ਹਨ। ਦੋਵੇਂ ਨੂੰਹਾਂ ਖਾਲੀ ਬੈਠੀਆਂ ਹਨ।"ਬਾਬਾ ਜੀ ਨੇ ਬਚਨ ਕੀਤਾ "ਸਵੇਰੇ ਦੋਹਾਂ ਨੂੰਹਾਂ ਨੂੰ ਨਾਲ ਲੈ ਕੇ ਆਈ। ਉਪਰੰਤ ਉਹ ਮਾਈ ਚਲੀ ਗਈ। ਅਗਲੇ ਦਿਨ ਦੋਵੇਂ ਨੂੰਹਾਂ ਨਾਲ ਲਿਆਈ ਤੇ ਰਸਤੇ ਵਿੱਚ ਦੋਹਾਂ ਨੂੰ ਸਿੱਖਿਆ ਦੇ ਕੇ ਲਿਆਈ ਕਿ ਬਾਬਾ ਜੀ ਸ਼ਰਾ ਕਰਨ ਕਰਾਉਣਗੇ। ਤੁਸੀਂ ਮਨ ਵਿੱਚ ਨਫਰਤ ਜਾਂ ਘਿਰਣਾ ਨਹੀਂ, ਸਤਿ ਬਚਨ ਕਹੀ ਜਾਣਾ। ਆਪਣੇ ਵੱਲੋਂ ਚੰਗੀ ਤਰ੍ਹਾਂ ਸਿਖਾ ਦਿੱਤੀਆਂ। ਹੁੰਦਾ ਓਹੀ ਹੈ ਜੋ ਮਾਲਕ ਨੂੰ ਮਨਜ਼ੂਰ ਹੈ। ਉਪਰੰਤ ਤਿੰਨਾ ਨੇ ਆ ਮੱਥਾ ਟੇਕਿਆ। ਬੈਠਣ ਸਾਰ ਹੀ ਬਾਬਾ ਜੀ ਨੇ ਪੁੱਛਿਆ। "ਮਾਈ ਤੇਰੀ ਵੱਡੀ ਨੂੰਹ ਕਿਹੜੀ ਹੈ ਬਚਨ ਮੰਨ ਕੇ ਉਸਨੇ ਵੱਡੀ ਨੂੰਹ ਅੱਗੇ ਕਰ ਦਿੱਤੀ ਤੇ ਫਿਰ ਹੁਕਮ ਅਨੁਸਾਰ ਉਸਦੀ ਸ਼ਰਾ ਕੀਤੀ। ਫਿਰ ਬਚਨ ਕੀਤਾ "ਸ਼ੁੱਧ ਹੈ।" ਜਦੋਂ ਦੂਸਰੀ ਨੂੰਹ ਦੀ ਸ਼ਰਾ ਕਰਨ ਲੱਗੇ ਓਹ ਪਿੱਛੇ ਹਟ ਗਈ। ਮਾਈ ਨੇ ਬਹੁਤ ਸਮਝਾਇਆ ਪਰ ਉਹ ਨਾਂ ਮੰਨੀ। ਉਸਨੇ ਸ਼ਰਾ ਨਾ ਕਰਾਈ ਇੱਕ ਵਾਰ ਵੀ ਬਾਬਾ ਜੀ ਦੇ ਹੁਕਮ ਅਨੁਸਾਰ ਵਾਹਿਗੁਰੁ-ਵਾਹਿਗੁਰੂ ਨਾ ਕਹਿਆ। ਵਾਰ-ਵਾਰ ਕਹਿਣ

ਤੇ ਵੀ ਉਸਨੇ ਇੱਕ ਵਾਰ ਵੀ ਵਾਹਿਗੁਰੂ ਨਾ ਜਪਿਆ। ਤਾਂ ਬਾਬਾ ਜੀ ਨੇ ਮਰਿਯਾਦਾ ਬੰਦ ਕਰਾ ਦਿੱਤੀ। ਮਾਈ ਨੇ ਬੇਨਤੀਆਂ ਕੀਤੀਆਂ "ਮਹਾਰਾਜ, ਇਸ ਤੇ ਵੀ ਕ੍ਰਿਪਾ ਕਰੋ। ਮੈਂ ਤਾਂ ਬਹੁਤ ਪੱਕੀਆਂ ਕੀਤੀਆਂ ਸਨ।" ਬਾਬਾ ਜੀ ਨੇ ਬਚਨ ਕੀਤਾ "ਇਹ ਖਾਲੀ ਰਹੇਗੀ।" ਉਪਰੰਤ ਮਾਈ ਦੇ ਬਹੁਤ ਬੇਨਤੀ ਕਰਨ ਤੇ ਬਚਨ ਕੀਤਾ "ਵੱਡੀ ਦੇ ਦੋ ਹੋ ਜਾਣਗੇ। ਇੱਕ ਛੋਟੀ ਦੀ ਝੋਲੀ ਪਾ ਦੇਣਾ।" ਇਹ ਬਚਨ ਸੱਤ ਹੋਇਆ। ਵੱਡੀ ਤੋਂ ਇੱਕ ਮੁੰਡਾ ਲੈ ਕੇ ਉਸਦੀ ਝੋਲੀ ਪਾਇਆ।

ਇਹ ਪ੍ਰਸੰਗ ਹੰਸ ਰਾਜ ਪੰਡਿਤ ਪਾਸੋਂ ਮਿਲਿਆ।

## ਦਰਸਨੁ ਦੇਖਤ ਦੋਖ ਨਸੇ ॥

ਇਕ ਵਾਰ ਭੁੱਚੋਂ ਨਗਰ ਦੇ ਰਹਿਣ ਵਾਲਾ ਪੰਡਿਤ ਜਿਸਦਾ ਨਾਮ ਰਾਮ ਜੀ ਦਾਸ ਸੀ। ਇਸ ਦੀਆਂ ਜਾਹੜਾਂ ਦਰਦ ਕਰਦੀਆਂ ਸਨ। ਇਹ ਬਾਬਾ ਜੀ ਪਾਸ ਆਇਆ। ਨਮਸਕਾਰ ਕਰਨ ਉਪਰੰਤ ਬੈਠ ਗਿਆ। ਹਜ਼ੂਰ ਨੇ ਪੁੱਛਿਆ "ਦੇਵਤਾ, ਕਿਵੇਂ ਔਣੇ ਹੋਏਂ" ਤਾਂ ਪੰਡਿਤ ਨੇ ਬੇਨਤੀ ਕੀਤੀ ਜੀ ਮੇਰੀਆਂ ਜਾਹੜਾਂ ਦੁਖਦੀਆਂ ਹਨ। ਬਾਬਾ ਜੀ ਨੇ ਬਚਨ ਕੀਤਾ "ਤੇ ਅਸੀਂ ਕੀ ਕਰੀਏ ਤਾਂ ਫਿਰ ਪੰਡਿਤ ਨੇ ਕਿਹਾ ਜੀ ਜਿਤਨਾ ਚਿਰ ਮੈਨੂੰ ਅਰਾਮ ਨਹੀਂ ਕਰਦੇ, ਮੈਂ ਨਹੀਂ ਜਾਣਾ। ਉਸ ਸਮੇਂ ਬਾਬਾ ਜੀ ਇੱਕ ਕਿੱਕਰ ਦੀ ਛਾਂਵੇ ਬੈਠੇ ਸਨ ਤੇ ਰਾਮ ਜੀ ਦਾਸ ਇਉਂ ਕਹਿਕੇ ਸਾਹਮਣੇ ਹੋ ਕੇ ਬੈਠ ਗਿਆ। ਪੰਦਰਾਂ ਵੀਹ ਮਿੰਟ ਬਾਅਦ ਬਾਬਾ ਜੀ ਨੇ ਬਚਨ ਕੀਤਾ "ਕੇਸਰ ਸਿੰਘ, ਲਿਆ ਇਹ ਤਾਂ ਨਹੀਂ ਜਾਂਦਾ।" ਫਿਰ ਕੇਸਰ ਸਿੰਘ ਨੇ ਰਾਮ ਜੀ ਦਾਸ ਨੂੰ ਬਾਬਾ ਜੀ ਦੇ ਨੇੜੇ ਕਰ ਦਿੱਤਾ ਤੇ ਉਹ ਬੈਠ ਗਿਆ। ਤਾਂ ਬਾਬਾ ਜੀ ਨੇ ਬਚਨ ਕੀਤਾ "ਜਿਵੇ ਅਸੀਂ ਬੋਲਾਂਗੇ ਸਾਡੇ ਮਗਰ ਬੋਲੀ ਜਾਈ।" ਤਾਂ ਰਾਮ ਜੀ ਦਾਸ ਨੇ ਸੱਤ ਬਚਨ ਕਿਹਾ। ਉਪਰੰਤ ਬਾਬਾ ਜੀ ਅੱਗੇ-ਅੱਗੇ ਪੜੀ ਗਏ ਅਤੇ ਪੰਡਿਤ ਪਿੱਛੇ-ਪਿੱਛੇ ਬੋਲਦਾ ਰਿਹਾ। ਸੱਤ ਵਾਰ

ਪੜ੍ਹਨ ਉਪਰੰਤ ਬਾਬਾ ਜੀ ਨੇ ਬਚਨ ਕੀਤਾ "ਲੈ ਦੇਵਤਾ, ਹੁਣ ਤੈਨੂੰ ਯਾਦ ਹੋ ਗਿਆ ਹੈ। ਹੁਣ ਲੋਕਾਂ ਦਾ ਭਲਾ ਕਰੀਂ ਤੇ ਲਾਲਚ ਨਾ ਕਰੀ।" ਅੱਜ ਤਕ ਓਹ ਬਚਨ ਅਨੁਸਾਰ ਭਲਾ ਕਰਦਾ ਹੈ, ਪਰ ਦੱਸਦਾ ਨਹੀਂ।

## ਕਹਤ ਨਾਨਕੁ ਤੂ ਸਾਚਾ ਸਾਹਿਬੁ<br>ਕਉਣੁ ਜਾਣੈ ਤੇਰੇ ਕਾਮਾ ॥

ਮਹਾਂਪੁਰਖ ਸਭ ਦਾ ਭਲਾ ਲੋਚਦੇ ਹਨ ਤੇ ਕਰਦੇ ਹਨ। ਸੰਸਾਰੀ ਬੰਦਿਆਂ ਦੀ ਸਮਝ ਤੋਂ ਬਾਹਰ ਹੋਣ ਕਰਕੇ ਭਲਾ ਕਰਾ ਨਹੀਂ ਸਕਦੇ। ਇਸ ਸਮੇਂ ਮਲੂਕੇ ਨਗਰ ਦਾ ਚੰਦਾ ਸਿੰਘ ਨਾਮ ਦਾ ਸਿੱਖ ਦਰਸ਼ਨ ਕਰਨ ਆਇਆ। ਇਸਦੇ ਨਾਲ ਹਰਿਨਾਮ ਸਿੰਘ ਢਿੱਲੋਂ ਵੀ ਸੀ। ਹਰਿਨਾਮ ਸਿੰਘ ਕੱਚੀ ਭੁੱਚੋਂ ਵਿਆਹਿਆ ਸੀ। ਸੇਵਾਦਾਰ ਰਾਹੀਂ ਆਗਿਆ ਮਿਲਣ ਤੇ ਬਾਹਰ ਊਠ ਬੰਨ੍ਹ ਕੇ, ਅੰਦਰ ਜਾ ਕੇ ਇੱਕ ਰੁਪਈਆ ਅੱਗੇ ਰੱਖ ਕੇ ਮੱਥਾ ਟੇਕਿਆ। ਉਪਰੰਤ ਬਾਬਾ ਜੀ ਨਾਮ ਪੁੱਛੀ ਗਏ। ਚੰਦਾ ਸਿੰਘ ਢਿਲੋਂ ਲਿਖਾਈ ਗਿਆ। ਅਖੀਰ ਤੇ ਬਾਬਾ ਜੀ ਨੇ ਬਚਨ ਕੀਤਾ "ਕਿ ਤੈਥੋਂ ਪੱਚੀ ਰੁਪੈ ਲੈਣੇ ਹਨ।" ਇਸ ਸਮੇਂ ਚੰਦ ਸਿੰਘ ਕੋਲ ਪੱਚੀ ਰੁਪਏ ਹੀ ਸਾਰੇ ਸਨ ਤੇ ਇੱਕ ਮੱਥਾ ਟੇਕ ਦਿੱਤਾ ਸੀ ਤੇ ਬਾਕੀ ਚੋਵੀ ਹੀ ਸਨ। ਪੱਚੀ ਪੂਰੇ ਹੋ ਨਹੀਂ ਸੀ ਸਕਦੇ। ਬਾਬਾ ਜੀ ਕੋਲ ਬੇਨਤੀ ਕੀਤੀ "ਮਹਾਰਾਜ, ਮੇਰੇ ਕੋਲ ਤਾਂ ਘੱਟ ਰੁਪਈਏ ਹਨ।" ਤਾਂ ਬਾਬਾ ਜੀ ਨੇ ਬਚਨ ਕੀਤਾ "ਜਾਂ ਪੱਚੀ ਰੁਪਏ ਪੂਰੇ ਕਰ, ਨਹੀਂ ਛੱਬੀ ਮਜ਼ਬੀਆਂ ਦੇ ਨਾਮ ਲਿਖ।" ਫਿਰ ਚੰਦਾ ਸਿੰਘ ਸੋਚ-ਸੋਚ ਲਿਖਾਉਣ ਲੱਗ ਪਿਆ ਫਿਰ ਅਠਾਰਾਂ ਮਸਾਂ ਪੂਰੇ ਹੋਏ ਅਤੇ ਕਿਹਾ "ਜੀ, ਮੈਨੂੰ ਤਾਂ ਇਤਨੇ ਹੀ ਯਾਦ ਹਨ।" ਇੱਕ ਤਾਂ ਉਸ ਸਮੇਂ ਅਬਾਦੀ ਵੀ ਘੱਟ ਸੀ। ਦੂਜਾ ਚੰਦਾ ਸਿੰਘ ਪੜ੍ਹਿਆ ਵੀ ਨਹੀਂ ਸੀ ਅਤੇ ਇਹ ਵੀ ਨਵੀਂ ਗੱਲ ਸੀ ਨਾਮ ਲਿਖਾਉਣੇ।

ਖੈਰ ਫਿਰ ਵੀ ਸੋਚ-ਸੋਚ ਕੇ ਬੜੀ ਮੁਸ਼ਕਿਲ ਨਾਲ ਲਿਖਾਏ ਤੇ ਉਪਰੰਤ

ਬਾਬਾ ਜੀ ਨੇ ਆਗਿਆ ਦਿੱਤੀ ਤੇ ਪਿੰਡ ਚੱਲਿਆ ਗਿਆ। ਤਕਰੀਬਨ ਦੋ ਮਹੀਨੇ ਬਾਅਦ ਬਾਬਾ ਜੀ ਨੇ ਇੱਕ ਸੇਵਕ ਨੂੰ ਸੱਦ ਕੇ ਕਿਹਾ "ਤੂੰ ਪੱਚੀ ਰੁਪੈ ਮਲੂਕੇ ਜਾ ਕੇ ਚੰਦਾ ਸਿੰਘ ਢਿੱਲੋਂ ਨੂੰ ਦੇ ਕੇ ਆ।" ਫਿਰ ਸੇਵਾਦਾਰ ਚੰਦਾ ਸਿੰਘ ਢਿੱਲੋਂ ਨੂੰ ਰੁਪਏ ਜਾ ਦਿੱਤੇ। ਚੰਦਾ ਸਿੰਘ ਉਸ ਸਮੇਂ ਘਰ ਮੰਜੇ ਤੇ ਬੈਠਾ ਸੀ। ਪਹਿਲਾਂ ਤਾਂ ਪੈਸੇ ਲੈਣ ਤੋਂ ਇਨਕਾਰ ਕੀਤਾ। ਪਰੰਤੂ ਸੇਵਾਦਾਰ ਨੇ ਕਿਹਾ "ਮੈਨੂੰ ਤਾਂ ਦੇਣ ਦਾ ਹੁਕਮ ਹੈ, ਜੇ ਮੋੜਨੇ ਹਨ ਤਾਂ ਆਪ ਜਾ ਕੇ ਮੋੜ ਦੇ।" ਪਹਿਲਾਂ ਨਾਲ ਆਉਣ ਨੂੰ ਤਿਆਰ ਹੋ ਗਿਆ ਫਿਰ ਆਪੇ ਹੀ ਕਹਿਣ ਲੱਗਾ "ਪਹਿਲਾਂ ਛੱਬੀ ਤਾਂ ਮਸਾਂ ਪੂਰੇ ਕੀਤੇ ਸਨ ਹੁਣ ਖਬਰ ਨਹੀਂ ਕੀ ਪੁੱਛਣਗੇ।" ਇਉਂ ਕਹਿਕੇ ਬੈਠ ਗਿਆ ਤੇ ਨਹੀਂ ਆਇਆ। ਤੇ ਪਰਿਵਾਰ ਹੁਣ ਤਕ ਸੇਵਾ ਕਰ ਰਿਹਾ ਹੈ।

ਇਹ ਬਚਨ ਰਤਨ ਸਿੰਘ ਢਿਲੋਂ ਚੰਦਾ ਸਿੰਘ ਦੇ ਪੋਤਰੇ ਨੇ ਲਿਖਾਇਆ।

## ਆਪਿ ਭੁਲਾਇ ਆਪੇ ਮਤਿ ਦੇਵੈ

ਇਕ ਵਾਰ ਮਾਝੇ ਤੋਂ ਇੱਕ ਮਾਈ ਆਈ ਤੇ ਉਸਨੇ ਪੁੱਤਰ ਵਾਸਤੇ ਬੇਨਤੀ ਕਰਨੀ ਸੀ। ਜਿਸ ਸਮੇਂ ਉਹ ਨਮਸਕਾਰ ਕਰਨ ਲੱਗੀ ਹਜ਼ੂਰ ਨੇ ਰੋਕ ਦਿੱਤੀ ਕਿ "ਅੱਗੇ ਨਹੀਂ ਆਉਣਾ ਨਾ ਹੀ ਮੱਥਾ ਟੇਕਣਾ ਹੈ।" ਪਰੰਤੂ ਮਾਈ ਸਿਦਕ ਭਾਵਨਾ ਵਾਲੀ ਸੀ ਹੁਕਮ ਅਨੁਸਾਰ ਉਥੇ ਹੀ ਬੈਠ ਗਈ ਅਤੇ ਰੋਣ ਲੱਗ ਪਈ। ਕਹੀ ਜਾਵੇ "ਮੈਂ ਝੋਲੀ ਅੱਡ ਕੇ ਬੈਠੀ ਹਾਂ, ਖਾਲੀ ਨਹੀਂ ਮੁੜਨਾ।" ਉਸ ਸਮੇਂ ਭਾਈ ਰਤਨ ਸਿੰਘ ਡਰੋਲੀ ਸੇਵਾ ਵਿੱਚ ਹਾਜ਼ਰ ਸੀ। ਸੇਵਾ ਕਰ ਰਹੇ ਸਨ। ਬਾਬਾ ਜੀ ਦੇ ਹੁਕਮ ਅਨੁਸਾਰ ਉਨ੍ਹਾਂ ਨੇ ਜਾ ਕੇ ਪੁੱਛਿਆ "ਮਾਈ ਤੂੰ ਕੀ ਚਾਹੁੰਦੀ ਹੈਂ" ਮਾਈ ਨੇ ਬੇਨਤੀ ਕੀਤੀ "ਜੀ, ਇੱਕ ਪੁੱਤਰ ਚਾਹੀਦਾ ਹੈ।" ਰਤਨ ਸਿੰਘ ਡਰੋਲੀ ਨੇ ਬਾਬਾ ਜੀ ਪਾਸ ਓਹੀ ਬੇਨਤੀ ਕਰ ਦਿੱਤੀ "ਜੀ, ਮਾਈ ਪੁੱਤ ਮੰਗਦੀ ਹੈ।" ਹਜ਼ੂਰ ਦੇ ਹੁਕਮ ਅਨੁਸਾਰ ਮਾਈ ਨੂੰ ਬਾਬਾ ਜੀ ਦੇ ਕੋਲ ਬੁਲਾਇਆ ਤੇ ਉਸਨੇ ਫਿਰ ਵੀ ਪੁੱਤ ਦੀ ਮੰਗ ਕੀਤੀ। ਅੱਗੋਂ ਬਾਬਾ ਜੀ ਨੇ ਬਚਨ ਕੀਤਾ "ਤੇਰੇ

ਭਾਗਾਂ ਵਿੱਚ ਹੈ ਨਹੀਂ। ਕਿਥੋਂ ਦੇਈਏਂ" ਉਪਰੰਤ ਮਾਈ ਨੇ ਬਨੇਤੀ ਕੀਤੀ "ਮਹਾਰਾਜ, ਤੁਸੀਂ ਭਾਗਾਂ ਵਿੱਚ ਬਣਾ ਦਿਓ। ਮੈਂ ਤਾਂ ਤੇਰੇ ਦਰ ਤੇ ਝੋਲੀ ਅੱਡੀ ਹੈ।" ਬਾਬਾ ਜੀ ਨੇ ਕਿਹਾ "ਜੇ ਪੁੱਤ ਹੋਇਆ ਤਾਂ ਡਾਂਗ ਫੜੇਗਾ।" ਫਿਰ ਮਾਈ ਨੇ ਝੋਲੀ ਅੱਡ ਕੇ ਕਿਹਾ, "ਜਿਹੜਾ ਹੈ ਦੇ ਦਿਓ।" ਫਿਰ ਮਾਈ ਹੁਕਮ ਅਨੁਸਾਰ ਘਰ ਨੂੰ ਚਲੀ ਗਈ। ਸਮਾਂ ਪਾ ਕੇ ਮਾਈ ਦੇ ਘਰ ਪੁੱਤਰ ਹੋਇਆ ਅਤੇ ਵੱਡਾ ਹੋ ਕੇ ਸਭ ਤੋਂ ਪਹਿਲਾਂ ਮਾਂ ਪਿਉ ਨਾਲ ਹੀ ਲੜੇ। ਦੁਖੀ ਹੋ ਬਾਬਾ ਜੀ ਪਾਸ ਆਏ ਅਤੇ ਸਾਰੀ ਵਿਥਿਆ ਸੁਣਾ ਕੇ ਬੇਨਤੀ ਕੀਤੀ ਕਿ ਤੁਹਾਡਾ ਦਿੱਤਾ ਹੈ ਤੇ ਤੁਸੀਂ ਹੀ ਠੀਕ ਕਰਨਾ ਹੈ। ਸੁਨਣ ਉਪਰੰਤ ਬਾਬਾ ਜੀ ਨੇ ਬਚਨ ਕੀਤਾ "ਇਸਨੂੰ ਸਾਡੇ ਕੋਲ ਛੇ ਮਹੀਨੇ ਛੱਡ ਦਿਓ।" ਹੁਕਮ ਅਨੁਸਾਰ ਛੇ ਮਹੀਨੇ ਸੇਵਾ ਵਿੱਚ ਰਿਹਾ। ਛੇ ਮਹੀਨੇ ਬਾਅਦ ਮਾਂ ਪਿਉ ਫਿਰ ਆਏ। ਉਨ੍ਹਾਂ ਦੇ ਸਾਹਮਣੇ ਬਾਬਾ ਜੀ ਨੇ ਮੁੰਡੇ ਨੂੰ ਸੱਦ ਕੇ ਕਿਹਾ "ਆਹ ਡਾਂਗ ਚੁੱਕ ਕੇ ਮੋਢੇ ਉੱਤੇ ਰੱਖ ਲੈ।" ਉਸਨੇ ਇਵੇਂ ਹੀ ਕੀਤਾ। ਫਿਰ ਬਾਬਾ ਜੀ ਨੇ ਹੁਕਮ ਕੀਤਾ "ਹੁਣ ਮਾਰ।" ਉਸਨੇ ਸਿਰ ਨੀਵਾਂ ਕਰ ਲਿਆ ਫਿਰ ਹੁਕਮ ਕੀਤਾ "ਹੁਣ ਡਾਂਗ ਸਿੱਟ ਦੇ।" ਉਸਨੇ ਡਾਂਗ ਸੁੱਟ ਦਿੱਤੀ। ਤਾਂ ਬਚਨ ਕੀਤਾ "ਹੁਕਮ ਅਨੁਸਾਰ ਡਾਂਗ ਫੜੀ ਸੀ, ਹੁਕਮ ਨਾਲ ਸਿੱਟ ਦਿੱਤੀ ਹੈ। ਹੁਣ ਨਹੀਂ ਮਾਰਦਾ। ਲੈ ਜਾਓ ਘਰ ਨੂੰ।" ਫਿਰ ਆਗਿਆ ਦੇ ਕੇ ਤੋਰ ਦਿੱਤੇ। ਉਪਰੰਤ ਫਿਰ ਵੀ ਉਹ ਸ਼ਰਧਾਲੂ ਬਣੇ ਰਹੇ।

ਇਹ ਬਚਨ ਮਾਤਾ ਪਿਤਾ ਪਾਸੋਂ ਮਿਲਿਆ।

## ਦਾਤਿ ਕਰੈ ਨਹੀਂ ਪਛੋਤਾਵੈ ॥<br>ਏਕਾ ਬਖਸ ਫਿਰਿ ਬਹੁਰਿ ਨ ਬੁਲਾਵੈ ॥

ਇਕ ਸਮੇਂ ਬਾਬਾ ਜੀ ਪਾਸ ਬੀਕਾਨੇਰ ਤੋਂ ਸੇਠ ਆਇਆ ਤਾਂ ਉਸਨੇ ਆਉਣ ਸਾਰ ਹੀ ਹੱਥ ਜੋੜ ਕੇ ਆਪਣੀ ਜਬਾਨ ਵਿੱਚ ਬੋਲਿਆ "ਢਮਕ ਢੈ।" ਜਿਸਦਾ ਮਤਲਬ "ਮੱਥਾ ਟੇਕਦਾ ਹਾਂ।" ਅੱਗੋਂ ਬਾਬਾ ਜੀ ਨੇ ਬਚਨ ਕੀਤਾ "ਲਾਬੜ ਪੂਛੜ ਪੂਤ ਸਪੂਤਰ ਬ੍ਰਿਧ ਘਸਾਂ ਘਸ ਘੰਮਸ ਘੈਸ਼" ਅਰਥਾਤ

ਤੇਰੀ ਲੰਮੀਆਂ ਪੂਛਾਂ ਵਾਲੀਆਂ ਗਾਈਆਂ ਹੋਣ, ਪੁੱਤ ਪੋਤੇ ਵੱਡੀ ਉਮਰ ਹੋਵੇ। ਉਪਰੰਤ ਹੁਕਮ ਹੋਇਆ ਕਿ "ਤੇਰਾ ਪ੍ਰਸ਼ਨ ਕੀ ਹੈਂ" ਉਸਨੇ ਪੁੱਤਰ ਦੀ ਕਾਮਨਾ ਦੱਸੀ ਤਾਂ ਫਿਰ ਬਚਨ ਕੀਤਾ "ਤੇਰੀ ਜਾਇਦਾਦ ਵਿੱਚੋਂ ਅੱਧ ਲਵਾਂਗੇ" ਉਪਰੰਤ ਉਸਨੇ ਸੱਤ ਬਚਨ ਕੀਤਾ। ਬਾਬਾ ਜੀ ਨੇ ਬਚਨ ਕੀਤਾ "ਐਥੇ ਅਗੂੰਠਾ ਲਾ ਦੇ" ਉਸਨੇ ਕਿਹਾ "ਜੀ, ਮੇਰੇ ਕੋਲ ਕਾਗਜ਼ ਕੋਈ ਨਹੀਂ।" ਤਾਂ ਫਿਰ ਬਚਨ ਕੀਤਾ "ਜ਼ਮੀਨ ਉੱਤੇ ਹੀ ਲਾ ਦੇ।" ਅੰਗੂਠਾ ਲਾ ਕੇ ਉਸਨੂੰ ਜਾਣ ਦੀ ਆਗਿਆ ਮਿਲ ਗਈ। ਪਰ ਇਸ ਵੇਲੇ ਨਿੱਕਾ ਰਾਮ ਬਾਣੀਆਂ ਵੀ ਮੌਜੂਦ ਸੀ। ਕੁਝ ਦਿਨਾਂ ਬਾਅਦ ਨਿੱਕਾ ਰਾਮ ਵੀ ਉਸ ਸੇਠ ਕੋਲ ਪਹੁੰਚਿਆ ਤੇ ਕਹਿਣ ਲੱਗਾ "ਮੈਨੂੰ ਬਾਬਾ ਜੀ ਨੇ ਭੇਜਿਆ ਹੈ। ਦਸ ਹਜ਼ਾਰ ਰੁਪਏ ਦੇ ਦਿਓ।" ਉਸਨੇ ਪਹਿਲਾਂ ਤਾਂ ਕਿਹਾ ਕਿ "ਮੁੰਡਾ ਹੋਏਤੋਂ ਦਿਉਂਗਾ। ਪਰ ਬਾਅਦ ਵਿੱਚ ਕਹਿਣ ਲੱਗਾ ਪਹਿਲਾਂ ਕੀ ਤੇ ਪਿਛੋਂ ਕੀ, ਦੇਣਾ ਤਾਂ ਹੈ ਹੀ, ਤੂੰ ਲੈ ਹੀ ਜਾ।" ਉਸਨੇ ਦਸ ਹਜਾਰ ਰੁਪਈਆ ਦੇ ਦਿੱਤਾ। ਪਰੰਤੂ ਇਸਦੇ ਘਰ ਪੁੱਤਰ ਨਾ ਹੋਇਆ। ਫਿਰ ਉਸਨੇ ਬਾਬਾ ਜੀ ਪਾਸ ਆ ਕੇ ਬੇਨਤੀ ਕਰ ਦਿੱਤੀ "ਜੀ, ਮੈਂ ਦਸ ਹਜ਼ਾਰ ਰੁਪਈਆ ਵੀ ਤੁਹਾਡੇ ਸੇਵਕ ਨੂੰ ਦੇ ਦਿੱਤਾ ਪਰ ਮੇਰੇ ਮੁੰਡਾ ਨਹੀਂ ਹੋਇਆ।" ਸੁਣ ਬਾਬਾ ਜੀ ਨੇ ਬਚਨ ਕੀਤਾ "ਅਸੀਂ ਕੋਈ ਸੇਵਾਦਾਰ ਤੇਰੇ ਕੋਲ ਰੁਪਈਆ ਲੈਣ ਨਹੀਂ ਭੇਜਿਆ।" ਉਪਰੰਤ ਉਸਨੇ ਨਿੱਕਾ ਰਾਮ ਦਾ ਨਾਮ ਲਿਆ। ਬਾਬਾ ਜੀ ਨੇ ਸੇਵਾਦਾਰ ਭੇਜ ਕੇ ਨਿੱਕਾ ਰਾਮ ਨੂੰ ਸੱਦ ਲਿਆ ਤੇ ਉਸਨੂੰ ਕਿਹਾ "ਤੂੰ ਸਾਡਾ ਨਾਮ ਲੈ ਕੇ ਪੈਸੇ ਕਿਉਂ ਮੰਗੇ" ਤੇ ਫਿਰ ਬਹੁਤ ਤਾੜਿਆ ਅਤੇ ਸਾਰਾ ਰੁਪਿਆ ਆਪਣੇ ਕੋਲੋਂ ਸਣੇ ਵਿਆਜ ਮੋੜ ਕੇ ਬਚਨ ਕੀਤਾ "ਜਾ, ਪੁੱਤਰ ਵੀ ਬਖਸ਼ਿਆ।" ਉਪਰੰਤ ਇਹ ਸੇਠ ਬੀਕਾਨੇਰ ਤੋਂ ਮਿਸ਼ਰੀ ਲੈ ਕੇ ਆਉਂਦਾ ਰਿਹਾ।

ਇਹ ਬਚਨ ਮਾਤਾ-ਪਿਤਾ ਪਾਸੋਂ ਮਿਲਿਆ।

**ਨੌਵਾਂ ਹਿੱਸਾ ਸਮਾਪਤ ਮੰਗਲਾ ਚਰਨ ਕੁੰਡਲੀਆਂ**

**ਸ੍ਰੀ ਸੰਤ ਮਹਾਂ ਹਰਿਨਾਮ ਸਿੰਘ ਤੂੰ ਬਾਣੀ ਨਾਲ ਅਭੇਦ**

**ਛੇ ਸ਼ਾਸਤ੍ਰ ਸਿੰਮ੍ਰਤ ਪੁਰਾਨ ਅੰਤ ਨਾ ਜਾਨਹਿ ਬੇਦ**

ਅੰਤ ਨਾ ਜਾਣੈ ਬੇਦ ਭੇਦ ਬ੍ਰਹਮਾ ਨਹੀਂ ਪਾਵੈ
ਨਾਰਦ ਬਿਸ਼ਨੂੰ ਸ਼ਿਵ ਗਣੇਸ਼ ਸਭ ਤੁਲੇ ਧਿਆਵੈ
ਗੰਗਾ ਜਮਨਾ ਸਰੁਸਤੀ ਚਰਨਨ ਧੂਰ ਪੁਨੀਤ ਕਰੀ
ਧਰਮ ਪੁਰਾਤਨ ਮਹਾਂ ਪੁਰਖ ਪਰਮ ਜੋਤ ਪ੍ਰਮੇਸਰੀ॥

# ਸੰਤ ਬਾਬਾ ਸੁਖਦੇਵ ਸਿੰਘ ਜੀ
# ਮੰਦਰ ਮੁਹਾਰ ਨਾਨਕਸਰ ਤੋਂ ਭੁੱਚੋ ਸਾਹਿਬ ਤੱਕ

ਸੰਤ ਬਾਬਾ ਸੁਖਦੇਵ ਸਿੰਘ ਜੀ ਦਾ ਜਨਮ ਪਿੰਡ ਮੁਹਾਰ ਤਹਿਸੀਲ ਜੀਰਾ ਜ਼ਿਲ੍ਹਾ ਫਿਰੋਜ਼ਪੁਰ ਵਿਖੇ ਮਾਤਾ ਸੋਮਾਵੰਤੀ ਕੌਰ ਅਤੇ ਪਿਤਾ ਸਰਦਾਰ ਜਗਤਾਰ ਸਿੰਘ ਦੇ ਗ੍ਰਹਿ ਵਿਖੇ 1 ਹਾੜ (15 ਜੂਨ 1954) ਨੂੰ ਅੰਮ੍ਰਿਤ ਵੇਲੇ ਹੋਇਆ। ਬਾਬਾ ਜੀ ਦੇ ਪਿਤਾ ਜੀ ਇਲਾਕੇ ਵਿੱਚ ਪੂਰੇ ਮਾਨ ਅਤੇ ਸਤਿਕਾਰ ਵਾਲੇ ਪੁਰਸ਼ ਸਨ। ਆਪ ਜੀ ਦੇ ਪਿਤਾ ਜੀ 25 ਸਾਲ ਆਪਣੇ ਪਿੰਡ ਦੇ ਸਰਪੰਚ ਰਹੇ। ਬਾਬਾ ਜੀ ਆਪਣੇ ਪਰਿਵਾਰ ਵਿੱਚ 6 ਭਰਾ ਅਤੇ 2 ਭੈਣਾਂ ਵਿੱਚ ਸਭ ਤੋਂ ਛੋਟੇ ਹਨ। ਬਾਬਾ ਜੀ ਨੇ ਪੰਜ ਕਲਾਸਾਂ ਆਪਣੇ ਪਿੰਡ ਦੇ ਨੇੜੇ ਸਰਕਾਰੀ ਪ੍ਰਇਮਰੀ ਸਕੂਲ ਮੰਦਰ ਮੁਹਾਰ ਵਿੱਚ ਪਾਸ ਕੀਤੀਆਂ। ਇਸ ਵਿਚਕਾਰ ਬਾਬਾ ਜੀ ਆਪਣੇ ਦਾਦਾ ਲਾਭ ਸਿੰਘ (ਬਾਪੂ ਜੀ) ਨਾਲ ਜਾਂ ਇਕੱਲੇ ਹੀ ਬਾਬਾ ਸੁੰਦਰ ਦਾਸ ਜੀ ਪਾਸ ਜਾਇਆ ਕਰਦੇ ਸਨ। ਇਨ੍ਹਾਂ ਦਾ ਡੇਰਾ ਪਿੰਡ ਤੋਂ 6 ਕਿਲੋਮੀਟਰ ਦੀ ਦੂਰੀ ’ਤੇ ਕੋਟ ਈਸੇ ਖਾਂ ਵਿਖੇ ਸਥਿਤ ਹੈ। ਬਾਬਾ ਸੁੰਦਰ ਦਾਸ ਜੀ ਬਾਬਾ ਸ੍ਰੀ ਚੰਦ ਦੀ ਪੂਜਾ ਕਰਦੇ ਹਨ ਅਤੇ ਨਾਮ ਜਪਾਉਂਦੇ ਹਨ। ਬਾਬਾ ਸੁਖਦੇਵ ਸਿੰਘ ਜੀ ਦਾ ਛੋਟੀ ਉਮਰ ਵਿੱਚ ਹੀ ਗੁਰਦਆਰੇ ਜਾ ਕੇ ਸਤਸੰਗ ਵਿੱਚ ਹੀ ਮਨ ਲਗਾ ਰਹਿੰਦਾ ਸੀ। ਬਾਬਾ ਸੁੰਦਰ ਦਾਸ ਜੀ ਨੇ ਇਨ੍ਹਾਂ ਦੀ ਲਗਨ ’ਤੇ ਚਿਹਰਾ ਪੜਕੇ ਬਾਪੂ ਲਾਭ ਸਿੰਘ ਜੀ ਨੂੰ ਕਹਿ ਦਿੱਤਾ ਸੀ। ਇਹ ਤਾਂ ਸੰਤ ਮਹਾਂ ਪੁਰਸ਼ ਹਨ। ਬਾਬਾ ਜੀ ਪੰਜਵੀ ਕਲਾਸ ਦੇ ਆਖਰੀ ਪੇਪਰ ਤੋਂ ਬਾਅਦ ਦੂਸਰੇ ਦਿਨ

ਹੀ ਬਾਬਾ ਕੁੰਦਨ ਸਿੰਘ ਜੀ ਦੇ ਕਹਿਣ ਮੁਤਾਬਕ ਨਾਨਕਸਰ ਜਗਰਾਓਂ ਆ ਗਏ। 12 ਸਾਲ ਦੀ ਉਮਰ ਵਿੱਚ ਬਾਬਾ ਕੁੰਦਨ ਸਿੰਘ ਜੀ ਨੇ ਇਨ੍ਹਾਂ ਦੀ ਡਿਊਟੀ ਸੁਖਮਨੀ ਸਾਹਿਬ ਦਾ ਪਾਠ ਕਰਨ ਅਤੇ ਜੋੜੀ ਤੇ ਹਰਮੋਨੀਅਮ ਦੀ ਵਿਦਿਆ ਸਿੱਖਣ ਵਿੱਚ ਲਗਾ ਦਿੱਤੀ। ਕੀਰਤਨ ਦੀ ਵਿਦਿਆ ਤੋਂ ਬਾਅਦ ਬਾਬਾ ਜੀ ਦੀ ਡਿਊਟੀ ਕਰਨਪੁਰ ਠਾਠ (ਗੰਗਾਨਗਰ) ਇਲਾਕੇ ਵਿੱਚ ਲਗਾ ਦਿੱਤੀ। 14 ਸਾਲ ਦੀ ਉੱਮਰ ਵਿੱਚ 2 ਸਾਲ ਤਕ ਆਪ ਨੇ ਇਥੇ ਸੇਵਾ ਕੀਤੀ। ਜਦ ਕਿ ਕੋਈ ਹੋਰ ਬਹਿੰਗਮ ਇਥੇ ਜਾਣ ਲਈ ਤਿਆਰ ਨਹੀਂ ਸੀ। 16 ਸਾਲ ਦੀ ਉਮਰ ਵਿੱਚ ਆਪ ਜੀ ਦੀ ਡਿਊਟੀ ਬਾਬਾ ਜੀ ਨੇ ਗੁਰਦੁਆਰਾ ਨਾਨਕਸਰ ਲੁਧਿਆਣੇ (ਨਹਿਰ ਦੇ ਕੰਢੇ ਲਾਈ) ਉਸ ਠਾਠ ਵਿੱਚ ਕਾਫੀ ਸਾਲ ਸੇਵਾ ਕੀਤੀ । ਬਾਬਾ ਜੀ ਨੇ ਇਥੇ ਰਹਿ ਕੇ ਲੁਧਿਆਣਾ ਨਾਨਕਸਰ ਠਾਠ 'ਤੇ ਬਾਬਾ ਈਸ਼ਰ ਸਿੰਘ ਪਬਲਿਕ ਸਕੂਲ ਭਾਈ ਰਣਧੀਰ ਸਿੰਘ ਨਗਰ ਨੂੰ ਮੁਕੰਮਲ ਕਰਾਇਆ। ਇਸ ਤੋਂ ਬਾਅਦ ਬਾਬਾ ਜੀ ਨੇ ਆਪਣੇ ਪਿੰਡ 15 ਏਕੜ ਜ਼ਮੀਨ ਵਿੱਚ ਗੁਰਦੁਆਰਾ ਨਾਨਕਸਰ ਮੰਦਰ ਮੁਹਾਰ ਅਤੇ ਪਬਲਿਕ ਸਕੂਲ ਮੰਦਰ ਮੁਹਾਰ ਦੀ ਤਿਆਰੀ ਕਰਾਈ ਅਤੇ ਕਈ ਸਾਲ ਇਥੇ ਸੇਵਾ ਕੀਤੀ। ਇਸ ਤੋਂ ਬਾਅਦ ਸੰਤ ਬਾਬਾ ਕੁੰਦਨ ਸਿੰਘ ਜੀ ਆਪ ਜੀ ਦੀ ਡਿਊਟੀ ਜਿਥੇ ਕੰਮ ਰੁਕਣਾ ਜਾਂ ਨਵੀਂ ਸੇਵਾ ਕਰਾਉਣੀ ਹੋਵੇ, ਬਾਬਾ ਜੀ ਆਪ ਜੀ ਦੀ ਡਿਊਟੀ ਲਗਾਉਂਦੇ। ਆਪ ਜੀ ਨੇ ਛੋਟੀ ਉਮਰ ਵਿੱਚ ਹੀ ਕਾਰ ਸੇਵਾਵਾਂ ਸ਼ੁਰੂ ਕਰਾਉਣ ਨਾਲ ਕਈ ਸੇਵਾਵਾਂ ਪੂਰੀਆਂ ਕੀਤੀਆਂ ਕਾਫੀ ਅਜੇ ਚੱਲ ਰਹੀਆਂ ਹਨ ਜਿਨ੍ਹਾਂ ਵਿੱਚੋਂ ਸਕੂਲ ਤੇ ਕਾਲਜ ਵੀ ਹਨ। ਜਿਨ੍ਹਾਂ ਵਿੱਚ ਪੰਜਾਬ, ਯੂ.ਪੀ. ਰਾਜਸਥਾਨ, ਮਹਾਰਾਸ਼ਟਰ ਮਦਰਾਸ ਹੋਰ ਵੀ ਕਈ ਸਟੇਟਾਂ ਸ਼ਾਮਿਲ ਹਨ। ਤਕਰੀਬਨ ਕੋਈ 60-70 ਅਸਥਾਨਾਂ ਦੀਆਂ ਸੇਵਾਵਾਂ ਕਰਵਾਈਆਂ ਤੇ ਹੋਰ ਵੀ ਸੇਵਾਵਾਂ ਚੱਲ ਰਹੀਆਂ ਹਨ।

ਬਾਬਾ ਕੁੰਦਨ ਸਿੰਘ ਜੀ ਜਿਥੇ ਆਪ ਜੀ ਦੀ ਡਿਊਟੀ ਲਗਾਉਂਦੇ ਸਨ। ਆਪ ਜੀ ਸੇਵਾ ਪੂਰੀ ਕਰਕੇ ਕਸਵੱਟੀ 'ਤੇ ਪੂਰੇ ਉਤਰਦੇ ਸਨ। ਸੰਤ

ਬਾਬਾ ਕੁੰਦਨ ਸਿੰਘ ਜੀ ਪਾਸ ਜਦੋਂ ਵੀ ਬਾਹਰਲੀ ਸੰਗਤ ਆਉਣੀ ਜਾਂ ਕੋਈ ਬੇਨਤੀ ਕਰਨੀ ਤਾਂ ਬਾਬਾ ਜੀ ਨੇ ਕਹਿਣਾ ਸਾਰਾ ਕੁਝ ਸੁਖੀ ਕੋਲ ਹੈ ਭਰਿਆ ਪਿਆ ਹੈ ਜੋ ਮਰਜ਼ੀ ਲੈ ਲਵੋ। ਜਿਥੇ ਬਾਬਾ ਕੁੰਦਨ ਸਿੰਘ ਜੀ ਨੇ ਸੇਵਾ ਦਾ ਆਖਣਾ, ਬਾਬਾ ਸੁਖਦੇਵ ਸਿੰਘ ਜੀ ਨੇ ਇਲਾਕੇ ਵਿੱਚੋਂ ਸੰਗਤ ਲਿਆ ਕੇ ਸੇਵਾ ਕਰਾਵਾਉਣੀ। ਭੁੱਚੋ ਸਾਹਿਬ ਸਰੋਵਰ ਦੀ ਸੇਵਾ ਆਰੰਭ ਹੋਈ ਬਾਬਾ ਕੁੰਦਨ ਸਿੰਘ ਜੀ ਬਹਿੰਗਮਾਂ ਅਤੇ ਸੰਗਤਾਂ ਸਮੇਤ ਬਾਬਾ ਖੇਮ ਸਿੰਘ ਜੀ ਕੋਲ ਭੁੱਚੋ ਸਾਹਿਬ ਪਹੁੰਚੇ ਅਤੇ ਆਖਣ ਲੱਗੇ ਸੁੱਖਾ ਸਿੰਘ ਆਪ ਜੀ ਨੂੰ ਸੌਂਪ ਦਿੱਤਾ ਹੈ। ਇਸ ਤੋਂ ਬਾਅਦ ਸੰਤ ਬਾਬਾ ਸੁਖਦੇਵ ਸਿੰਘ ਜੀ ਦਾ ਸੰਤ ਬਾਬਾ ਖੇਮ ਸਿੰਘ ਜੀ ਪਾਸ ਆਉਣਾਂ ਜਾਣਾ ਸ਼ੁਰੂ ਹੋ ਗਿਆ ਤੇ ਨੇੜਤਾ ਵੱਧ ਗਈ। ਬਾਬਾ ਖੇਮ ਸਿੰਘ ਜੀ ਦੇ ਹੁਕਮ ਨਾਲ ਮਾਲਾ, ਗੁਟਕੇ ਦੇਸ਼ ਦੇ ਕੋਨੇ ਕੋਨੇ ਵਿੱਚ ਵੰਡਣ ਜਾਂਦੇ ਅਖੰਡ ਪਾਠ, ਸੰਪਟ ਪਾਠ, ਤੁਕ-ਤੁਕ ਵਾਲੇ ਮਹਾਂ ਸੰਪਟ ਪਾਠ ਨਾਨਕਸਰ ਦੀਆਂ ਠਾਠਾਂ ਵਿੱਚ ਕਰਵਾਏ ਅਤੇ ਸੰਗਤਾਂ ਨੂੰ ਅੰਮ੍ਰਿਤ ਛੱਕਣ ਲਈ ਪ੍ਰੇਰਨਾ ਕੀਤੀ ਅਤੇ ਪ੍ਰਚਾਰ ਹਿਤ ਕਈ ਰੇਲ ਯਾਤਰਾ, ਬੱਸ ਯਾਤਰਾ, ਜਹਾਜ਼ ਯਾਤਰਾ, ਸਾਇਕਲ ਯਾਤਰਾਵਾਂ ਕੀਤੀਆਂ। ਸੰਤ ਬਾਬਾ ਕੁੰਦਨ ਸਿੰਘ ਜੀ ਦੇ ਸਵਰਗਵਾਸ ਹੋਣ ਤੋਂ ਬਾਅਦ ਸੰਤ ਬਾਬਾ ਸੁਖਦੇਵ ਸਿੰਘ ਜੀ ਨੇ ਸੰਤ ਬਾਬਾ ਖੇਮ ਸਿੰਘ ਜੀ ਦੀ ਰਹਿਨਮਾਈ ਵਿੱਚ 250 ਕਮਰੇ ਹਜ਼ੂਰ ਸਾਹਿਬ (ਸਰਾਵਾਂ), 5 ਗੁਰਦੁਆਰੇ ਸਾਹਿਬ, ਕਈ ਲੰਗਰ ਚਲਾਏ ਤੇ ਸੰਤ ਬਾਬਾ ਖੇਮ ਸਿੰਘ ਆਖਰੀ ਟਾਇਮ ਤੇ ਆਪ ਜੀ ਦੀ ਡਿਊਟੀ ਜਪ ਤਪ 'ਤੇ ਲਗਾਈ ਜਿਹੜੀ ਆਪ ਜੀ ਨੇ ਬਾਖੂਬੀ ਨਿਭਾਈ ਇਸ ਤੋਂ ਖੁਸ਼ ਹੋ ਕੇ ਸੰਤ ਬਾਬਾ ਖੇਮ ਸਿੰਘ ਜੀ ਨੇ ਫੋਨ ਤੇ ਆਪ ਜੀ ਨੂੰ ਖੁਸ਼ੀਆਂ ਬਖਸ਼ੀਆਂ ਕਿ ਅਸੀਂ ਦੱਸ ਨਹੀਂ ਸਕਦੇ ਕਿ ਅਸੀਂ ਤੇਰੇ 'ਤੇ ਕਿੰਨੇ ਖੁਸ਼ ਹਾਂ।

ਸੰਤ ਬਾਬਾ ਖੇਮ ਸਿੰਘ ਜੀ ਨੇ ਸਾਰੀਆਂ ਪਾਵਰ ਆਫ ਅਟਰਨੀ ਬਾਬਾ ਜੀ ਦੇ ਨਾਮ ਕੀਤੀਆਂ ਸਨ। 3 ਪਾਵਰ ਆਫ ਅਟਾਰਨੀ ਹਜ਼ੂਰ ਸਾਹਿਬ, 2 ਨਥਾਨੇ ਤੇ ਜਰਨਲ ਪਾਵਰ ਆਫ ਅਟਾਰਨੀ ਬਾਬਾ ਜੀ ਦੇ

ਨਾਮ ਕੀਤੀਆਂ ਸਨ।

ਸੰਤ ਬਾਬਾ ਖੇਮ ਸਿੰਘ ਜੀ ਦੇ ਸਵਰਗਵਾਸ ਹੋਣ ਤੋਂ ਬਾਅਦ ਦਸਮੀ ਦੇ ਮੋਕੇ 5-02-2010 ਨੂੰ ਦੇਸ਼ ਵਿਦੇਸ਼ ਤੋਂ, ਨਿਰਮਲੇ, ਸੰਪਰਦਾਇ, ਦਮਦਮੀ ਟਕਸਾਲ, ਜਥੇਬੰਦੀਆਂ ਇਲਾਕੇ ਦੇ ਸਾਰੀਆਂ ਪੰਚਾਇਤਾਂ ਵੱਲੋਂ ਲਿੱਖਤ ਕਰਕੇ ਡੇਰੇ ਦੇ ਪੰਜਵੇ ਮੁੱਖੀ ਸੇਵਾਦਾਰ ਵੱਜੋਂ ਦਸਤਾਰ ਬੰਦੀ ਕੀਤੀ ਗਈ ਅਤੇ ਡੇਰਾ ਬਾਬਾ ਰੂੰਮੀ ਵਾਲਾ ਭੁੱਚੋ ਕਲਾ ਦਾ ਮੁੱਖੀ ਥਾਪਿਆ ਗਿਆ। ਸੰਤ ਬਾਬਾ ਸੁਖਦੇਵ ਸਿੰਘ ਜੀ ਵੱਲੋਂ 14 ਦਿਨਾਂ ਵਿੱਚ ਰੂੰਮੀ ਸਾਹਿਬ ਪਿੰਡ ਸੇਮਾਂ ਵਿੱਚ ਤਾਂਬੇ ਦੀਆਂ ਪੌੜੀਆਂ ਵਾਲਾ ਸਰੋਵਰ ਸੰਗਤਾਂ ਦੇ ਸਹਿਯੋਗ ਨਾਲ ਤਿਆਰ ਕਰਵਾਇਆ ਇਸ ਸੇਵਾ ਸਬੰਧੀ 4 ਦਿਨ ਬਾਅਦ ਬਾਬਾ ਮਹਾਂਹਰਿਨਾਮ ਸਿੰਘ ਦੀਆਂ ਪੁਰਾਤਨ ਲਿਖਤਾਂ ਵਿੱਚੋਂ ਸਰੋਵਰ ਬਾਰੇ ਲਿਖਤ ਮਿਲੀ। ਸਰੋਵਰ ਪੂਰਾ ਲਿੱਖਤ ਮੁਤਾਬਕ ਹੀ ਬਣਿਆ ਸੀ। ਹੁਣ ਬਾਬਾ ਸੁਖਦੇਵ ਸਿੰਘ ਜੀ ਭੁੱਚੋ ਸਾਹਿਬ ਵਿਖੇ ਲੰਗਰ ਹਾਲ ਦੀ ਸੇਵਾ, ਦੀਵਾਨ ਹਾਲ ਅਤੇ ਗੱਦੀ ਸਾਹਿਬ ਦੀ ਸੇਵਾ ਕਰਵਾ ਰਹੇ ਹਨ।

***